ISSN 0972-2335

# ਅੰਮ੍ਰਿਤ ਕੀਰਤਨ

ਜੁਲਾਈ 2018



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

## ਖਰੀ ਗੱਲ

ਪਿਆਰ ਨਾਲ ਜੇ ਆਪੂੰ ਨਜਿੱਠ ਲਈਏ,
ਵਿਚਾਰ ਲਈਏ ਤਾਂ ਅਕਲ ਦੀ ਥੋੜ ਕੋਈ ਨਹੀਂ।
ਚੰਗੀ ਵਾਰਤਾ ਨੂੰ ਜੇ ਕੋਈ ਨਾ ਸਮਝੇ,
ਰਹਿਣਾ ਚੁਪ ਚੰਗਾ, ਉਥੇ ਜ਼ੋਰ ਕੋਈ ਨਹੀਂ।
ਕੜੇ ਸਵਰਨ ਦੇ ਜੇ ਕਰ ਕੱਟਦੇ ਨੇ,
ਲਾਹ ਸੁੱਟੀਏ, ਪਾਣ ਦੀ ਲੋੜ ਕੋਈ ਨਹੀਂ।
ਹਾਰ ਮੋਤੀਆਂ ਦਾ ਜੇ ਕਰ ਚੁੱਭਦਾ ਏ,
ਉਸ ਨੂੰ ਕਦੇ ਹੰਢਾਣ ਦੀ ਲੋੜ ਕੋਈ ਨਹੀਂ।
ਅਸਾਂ ਗੱਲ ਇਨਸਾਫ਼ ਦੀ ਆਖ ਦਿੱਤੀ,
ਭਾਵੇਂ ਕਿਸੇ ਨੂੰ ਚੁੱਭਦੀ ਭਾਂਵਦੀ ਨਹੀਂ।
ਹਰ ਕੋਈ ਤੋੜ ਮਰੋੜ ਕੇ ਸੁੱਟ ਦੇਂਦਾ,
ਝਗੜੇ ਨਿੱਤ ਦੇ ਕੋਈ ਵੀ ਚਾਹਵੰਦਾ ਨਹੀਂ।



## खरी गल

प्यार नाल जे आपूं नजिट्ठ लईये,
विचार लईये तां अकल दी थोड़ कोई नहीं।
चंगी वार्ता नूं जे कोई नां समझे,
रहिणा चुप चंगा, ओथे जोर कोई नहीं।
कड़े सवर्ण दे जे कर कटदे ने,
लाह सुटिये, पाण दी लोड़ कोई नहीं।
हार मोतियाँ दा जे कर चुभदा ए,
उसनू कदे हंढाण दी लोड़ कोई नहीं।
असां गल इन्साफ दी आख दित्ती,
भावें किसे नूं चुभदी भांवदी नहीं।
हर कोई तोड़ मरोड़ के सुट दैंदा,
झगड़े नित्त दे कोई वी चाहवंदा नहीं।

ਅੰਮ੍ਰਿਤ ਕੀਰਤਨ

## ਸੰਪਾਦਕ (ਆਨਰੇਰੀ)
## ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ ਅਤੇ ਨਵਤੇਜ ਸਿੰਘ

- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

### ਚੰਦੇ ਦਾ ਵੇਰਵਾ
- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ, ਚੰਡੀਗੜ੍ਹ-160015
ਫ਼ੋਨ: 0172-2772660, 098140 53630
e-mail: drjagirsingh@gmail.com

Website: http://www.amritkirtan.com

**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਇਸ ਅੰਕ ਵਿਚ

| | |
|---|---|
| ਸੰਪਾਦਕੀ: ਕਰਉ ਬੇਨੰਤੀਆ: ਭਾਣਾ ਮੰਨਣਾ: ਕਹਿਣਾ ਆਸਾਨ ਤੇ ਹੰਡਾਉਣਾ ਅਤਿ ਮੁਸ਼ਕਿਲ – ਡਾ. ਗੁਰਦੇਵ ਸਿੰਘ | 2 |
| ਬਾਬੇ ਦੀ ਰਬਾਬ – ਜੋਗਿੰਦਰ ਸਿੰਘ ਸੋਢੀ | 6 |
| ਆਸਾ ਦੀ ਵਾਰ ਦਾ ਸੰਗੀਤਕ ਅਧਿਐਨ – ਡਾ. ਜਾਗੀਰ ਸਿੰਘ | 11 |
| ਗੁਰਮਤਿ ਸੰਗੀਤ ਵਿਚ ਰਾਗ ਗੂਜਰੀ – ਡਾ. ਗੁਰਨਾਮ ਸਿੰਘ | 17 |
| Gurbani sans raag can't touch hearts | 19 |
| ਸੁਰਲਿਪੀ – ਰਾਗ ਤ੍ਰਿਵੇਣੀ | 20 |
| ਸੁਰਲਿਪੀ ਵਾਲੇ ਸ਼ਬਦ ਦੇ ਅਰਥ | ਟਾ-3 |

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫ਼ਟ "ਅੰਮ੍ਰਿਤ ਕੀਰਤਨ ਟ੍ਰਸਟ" ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of India, Sector 22-B, Chandigarh Branch ਵਿਚ AMRIT KIRTAN TRUST ਦੇ A/C 65079603302, IFSC: SBIN0050240ਵਿਚ ਸਿੱਧਾ ਜਮ੍ਹਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity.

Cheques should be sent in the name of AMRIT KIRTAN TRUST payable at Chandigarh. Donations also can be sent by money order at the address: AMRIT KIRTAN TRUST (Regd.), 422, Sector 15-A, Chandigarh-160015

# ਭਾਣਾ ਮੰਨਣਾ : ਕਹਿਣਾ ਆਸਾਨ ਤੇ ਹੰਢਾਉਣਾ ਅਤਿ ਮੁਸ਼ਕਿਲ

ਡਾ. ਗੁਰਦੇਵ ਸਿੰਘ[1]

(ਕਰਉ ਬੇਨੰਤੀਆ- ਪਿਛਲੇ ਦਿਨੀ ਸਾਡੇ ਆਦਰਯੋਗ ਚਾਚੀ ਜੀ ਗੁਰਨਾਮ ਕੌਰ ਸੁਪਤਨੀ ਕੈਪਟਨ ਅਮਰੀਕ ਸਿੰਘ ਅਕਾਲ ਚਲਾਣਾ ਕਰ ਗਏ।ਚਾਚਾ ਜੀ ਅਮਰੀਕ ਸਿੰਘ ਮੇਰੀ ਮੁਢਲੀ ਪੜ੍ਹਾਈ ਸਮੇਂ ਮੇਰੇ ਮਾਰਗ ਦਰਸ਼ਕ ਅਤੇ ਸਰਪ੍ਰਸਤ ਰਹੇ ਹਨ। ਉਹਨਾਂ ਦੀ ਜ਼ਿੰਦਗੀ ਮੇਰੇ ਲਈ ਹਮੇਸ਼ਾ ਪ੍ਰੇਰਨਾ ਸ੍ਰੋਤ ਰਹੀ ਹੈ। ਚਾਚੀ ਜੀ ਬਾਰੇ ਮੈਂ ਕੁਝ ਲਿਖਣਾ ਚਾਹੁੰਦਾ ਸਾਂ ਕਿ ਗੁਰਮਤਿ ਸੰਗੀਤ ਵਿਭਾਗ ਦੇ ਸਾਡੇ ਪੁਰਾਣੇ ਵਿਦਿਆਰਥੀ ਡਾ ਗੁਰਦੇਵ ਸਿੰਘ ਦਾ ਉਹਨਾਂ ਬਾਰੇ ਬਹੁਤ ਵਧੀਆ ਲੇਖ ਪ੍ਰਾਪਤ ਹੋਇਆ।ਮੈਨੂੰ ਨਹੀਂ ਜਾਪਦਾ ਕਿ ਮੈਂ ਇਸ ਵਧੀਆ ਲਿਖ ਸਕਦਾ ਸਾਂ ਇਸ ਲਈ ਇਸ ਵਾਰ ਕਰਉ ਬੇਨੰਤੀਆ ਵਜੋਂ ਇਹ ਲੇਖ ਪ੍ਰਵਾਨ ਕਰਨਾ ਜੀ। ਭੁੱਕ ਚੁਕ ਖਿਮਾ--- ਜਾਗੀਰ ਸਿੰਘ)

ਅਸੀਂ ਕਈ ਵਾਰ ਸੁਣਿਆ ਹੋਵੇਗਾ ਕਿ ਇਹ ਸਭ ਉਸ ਦੇ ਭਾਣੇ ਵਿੱਚ ਹੀ ਹੈ। ਸਾਨੂੰ ਉਸ ਦਾ ਭਾਣਾ ਮੰਨਣਾ ਚਾਹੀਦਾ ਹੈ। ਬਹੁਤ ਸਾਰੇ ਨੇਕ ਦਿਲ ਇਨਸਾਨ ਅਜਿਹਾ ਉਪਦੇਸ਼ ਦਿੰਦੇ ਹਨ। ਅਸੀਂ ਵੀ ਕਈ ਵਾਰ ਅਜਿਹਾ ਉਪਦੇਸ਼ ਬੜੇ ਸਹਿਜ ਨਾਲ ਦੂਜਿਆਂ ਨੂੰ ਦਿੰਦੇ ਹਾਂ ਪਰ ਜਦੋਂ ਆਪਣੀ ਵਾਰੀ ਆਉਂਦੀ ਹੈ ਤਾਂ ...। ਦੂਜੇ ਨੂੰ ਉਪਦੇਸ਼ ਦੇਣਾ ਬਹੁਤ ਸੌਖਾ ਹੈ ਪਰ ਆਪ ਮੰਨਣਾ ਓਨਾ ਹੀ ਔਖਾ ਹੁੰਦਾ ਹੈ। ਬਹੁਤ ਵਿਰਲੇ ਇਨਸਾਨ ਹੀ ਹੁੰਦੇ ਹਨ ਜੋ ਕਹਿਣੀ ਤੇ ਕਰਣੀ ਦੇ ਪੱਕੇ ਹੁੰਦੇ ਹਨ, ਜਿਨ੍ਹਾਂ ਨੂੰ ਆਪਣੇ ਗੁਰੂ 'ਤੇ ਭਰੋਸਾ ਹੁੰਦਾ ਹੈ ਵੈਸੇ ਸਿਰ ਤਾਂ ਅਸੀਂ ਸਾਰੇ ਝੁਕਾਈ ਜਾਂਦੇ ਹਾਂ। ਜਦੋਂ ਆਪਣੇ 'ਤੇ ਕੋਈ ਬਿਪਤਾ ਪੈਂਦੀ ਹੈ ਉਦੋਂ ਅਸੀਂ ਆਪਾ ਖੋ ਦਿੰਦੇ ਹਾਂ। ਇਥੋਂ ਤੱਕ ਚਲੇ ਜਾਂਦੇ ਹਾਂ ਕਿ ਦਾਤੇ ਨਾਲ ਹੀ ਨਰਾਜ਼ ਹੋ ਜਾਂਦੇ ਹਾਂ ਪਰ ਕਈ ਗੁਰੂ ਦੇ ਪਿਆਰ ਵਾਲੇ ਵੀ ਹੁੰਦੇ ਹਨ ਜੋ ਉਸ ਦੇ ਹੁਕਮ ਨੂੰ ਸਮ ਕਰਕੇ ਜਾਣਦੇ ਹਨ। ਅਸੀਂ ਅਜਿਹੀਆਂ ਸਖਸ਼ੀਅਤਾਂ ਬਾਰੇ ਸਿਰਫ ਪੜ੍ਹਿਆ ਸਣਿਆ ਹੀ ਹੈ ਦਰਸ਼ਨ ਸ਼ਾਇਦ ਹੀ ਕਿਸੇ ਨੇ ਕੀਤੇ ਹੋਣ ਪ੍ਰੰਤੂ ਮੈਨੂੰ ਅਜਿਹੇ ਇਨਸਾਨ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਰੂਹ ਖੁਸ਼ ਹੁੰਦੀ ਹੈ ਦਰਸ਼ਨ ਕਰਕੇ। ਭਾਵੇਂ ਉਨ੍ਹਾਂ ਨੂੰ ਮੈਂ ਪਿਛਲੇ ਛੇ ਸੱਤ ਸਾਲਾਂ ਤੋਂ ਜਾਣਦਾ ਹਾਂ ਪਰ ਜੋ ਰੂਪ ਉਨ੍ਹਾਂ ਦਾ ਪਿਛਲੇ ਦਿਨੀਂ ਦੇਖਿਆ ਉਹ ਕਥਨ ਤੋਂ ਪਰੇ ਹੈ।

ਇਹ ਪ੍ਰੇਰਣਾਪੂਰਣ ਘਟਨਾ ਮਿਤੀ 13 ਤੋਂ 20 ਜੂਨ ਦੇ ਦਿਨਾਂ ਦੀ ਹੈ। ਇੱਕ ਗੁਰਸਿੱਖ ਪਰਿਵਾਰ ਨੂੰ ਉਸ ਦਾ ਬਹੁਤ ਹੀ ਅਜ਼ੀਜ਼ ਪਰਿਵਾਰਕ ਮੈਂਬਰ ਸਦਾ ਲਈ ਵਿਛੋੜਾ ਦੇ ਗਿਆ। ਗੁਰੂ ਤੇਗ ਬਹਾਦਰ ਸਾਹਿਬ ਦੀ ਚਰਣ ਛੋਹ ਪ੍ਰਾਪਤ ਸ਼ਾਹੀ ਸ਼ਹਿਰ ਪਟਿਆਲਾ ਦੇ ਵਸਨੀਕ ਇਸ ਗੁਰਸਿੱਖ ਪਰਿਵਾਰ ਦੇ ਮੁਖੀ ਦਾ ਨਾਮ ਕੈਪਟਨ ਅਮਰੀਕ ਸਿੰਘ ਹੈ। ਕੈਪਟਨ ਸਾਬ੍ਹ ਇੰਡਿਅਨ ਆਰਮੀ ਦੇ ਰਿਟਾਇਡ ਅਫਸਰ ਹਨ। ਕੈਪਟਨ ਸਾਬ੍ਹ ਦੇ ਦੋ ਬੇਟੇ ਹਨ ਜੋ ਯੂ. ਕੇ. ਅਤੇ ਯੂ. ਐਸ. ਏ. ਵਿੱਚ ਵੈੱਲ ਸੈਟਲ ਹਨ। ਸਾਰੇ ਹੀ ਗੁਰੂ ਗ੍ਰੰਥ ਸਾਹਿਬ 'ਤੇ ਟੇਕ ਰੱਖਣ ਵਾਲੇ ਹਨ। ਮੈਂ ਕੈਂਪਟਨ ਸਾਬ੍ਹ ਨੂੰ 2011 ਤੋਂ ਜਾਣਦਾ ਹਾਂ। ਉਹ ਮੇਰੇ ਬਹੁਤ ਹੀ ਸਤਿਕਾਰਯੋਗ ਡਾਕਟਰ ਸਾਬ੍ਹ ਡਾ. ਗੁਰਨਾਮ ਸਿੰਘ ਦੇ ਰਿਸ਼ਤੇ ਵਿੱਚ ਚਾਚਾ ਜੀ ਹਨ। ਡਾਕਟਰ ਸਾਹਿਬ ਕਰਕੇ ਹੀ ਮੇਰੀ ਇਸ ਪਰਿਵਾਰ ਨਾਲ ਦਿਲੀਂ ਸਾਂਝ ਪਈ। ਡਾਕਟਰ ਸਾਬ੍ਹ ਦੇ ਚਾਚਾ ਜੀ ਹੋਣ ਕਰਕੇ ਮੈਂ ਵੀ ਕੈਪਟਨ ਸਾਬ੍ਹ ਨੂੰ ਚਾਚਾ ਜੀ ਕਰਕੇ ਹੀ ਸੰਬੋਧਨ ਕਰਦਾ ਹਾਂ।

ਪਿਛਲੀ 13 ਜੂਨ 2018 ਨੂੰ ਕੈਪਟਨ ਸਾਬ੍ਹ ਦੀ ਧਰਮ ਸੁਪਤਨੀ ਮਾਤਾ ਗੁਰਨਾਮ ਕੌਰ ਅਕਾਲ ਚਲਾਣਾ ਕਰ ਗਏ ਸਨ। ਇਹ ਖਬਰ ਮੈਨੂੰ ਮੇਰੇ ਸਤਿਕਾਰਤ ਸਰ ਡਾ. ਗੁਰਨਾਮ ਸਿੰਘ ਜੀ ਤੋਂ ਹੀ ਪਤਾ

[1]ਗੁਰਮਤਿ ਸੰਗੀਤ ਸਕਾਲਰ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸੰਪਰਕ ਨੰ. 9417156404

ਲੱਗੀ। ਡਾਕਟਰ ਸਾਹਿਬ ਇਨ੍ਹੀਂ ਦਿਨੀਂ ਵਿਦੇਸ਼ੀ ਦੌਰੇ ’ਤੇ ਹਨ। ਮੈਂ 14 ਤਾਰੀਕ ਨੂੰ ਆਪਣੇ ਪਿੰਡ ਭਰਤਗੜ੍ਹ (ਰੋਪੜ) ਤੋਂ ਪਟਿਆਲੇ ਪਹੁੰਚਿਆ। ਸਿੱਧਾ ਕੈਪਟਨ ਸਾਬ੍ਹ ਦੇ ਘਰ ਗਿਆ। ਮੇਰੇ ਦਿਮਾਗ਼ ਵਿੱਚ ਚੱਲ ਰਿਹਾ ਸੀ ਘਰ ਵਿੱਚ ਅਤੀ ਵੈਰਾਗਮਈ ਮਾਹੋਲ ਹੋਵੇਗਾ ਜਿਵੇਂ ਕਿ ਆਮ ਹੀ ਦੇਖਣ ਨੂੰ ਮਿਲਦਾ ਹੈ ਪ੍ਰੰਤੂ ਜਦੋਂ ਮੈਂ ਘਰ ਪਹੁੰਚਿਆ ਤਾਂ ਸਭ ਕੁੱਝ ਉਲਟ ਪਾਇਆ। ਇੱਕ ਤਾਂ ਮਾਤਾ ਦੀ ਮ੍ਰਿਤਕ ਦੇਹ ਅਜੇ ਹਸਪਤਾਲ ਵਿੱਚ ਸੀ ਉਨਾਂ ਦਾ ਸੰਸਕਾਰ 16 ਤਾਰੀਕ ਭਾਵ ਦੋ ਦਿਨ ਬਾਅਦ ਕਰਨਾ ਸੀ। ਘਰ ਵਿੱਚ ਮੇਰੀ ਮੁਲਾਕਾਤ ਕੈਪਟਨ ਸਾਬ੍ਹ ਅਤੇ ਉਨ੍ਹਾਂ ਤੇ ਵੱਡੇ ਸਪੁੱਤਰ ਸਰ ਬਲਜਿੰਦਰ ਸਿੰਘ (ਯੂ.ਕੇ.) ਨਾਲ ਹੋਈ। ਕੈਪਟਨ ਸਾਬ੍ਹ ਮੈਨੂੰ ਕਹਿੰਦੇ ਕਿ ਗੁਰਦੇਵ ਸਿੰਘ ਤੇਰੇ ਆਂਟੀ ਪਲਾਂ ਵਿੱਚ ਹੀ ਚਲੇ ਗਏ ਸਿਰਫ ਥੋੜੀ ਜਿਹੀ ਇੰਨਫੈਕਸ਼ਨ ਹੋਈ। ਮੇਰਾ ਮਨ ਭਰ ਆਇਆ। ਕੈਪਟਨ ਸਾਬ੍ਹ ਕਹਿੰਦੇ ਸਭ ਮਾਲਕ ਦੇ ਹੁਕਮ ਵਿੱਚ ਹੀ ਹੈ। ਬਲਜਿੰਦਰ ਸਰ ਸਵੇਰੇ ਹੀ ਯੂ.ਕੇ. ਤੋਂ ਪਹੁੰਚੇ ਸੀ। ਮੇਰੀ ਉਨ੍ਹਾਂ ਨਾਲ ਦੂਜੀ ਤੀਜੀ ਮੁਲਾਕਾਤ ਹੀ ਸੀ। ਬਿਨਾਂ ਕਿਸੇ ਥਕਾਵਟ ਦੇ ਉਨ੍ਹਾਂ ਨੇ ਮੈਨੂੰ ਅਟੈਂਡ ਕੀਤਾ। ਉਹ ਵੀ ਕਹਿ ਰਿਹੇ ਸੀ ਸਭ ਹੁਕਮ ਵਿੱਚ ਹੀ ਹੈ। ਮੈਂ ਆਪਣਾ ਮਨ ਡੋਗਿਆ ਹੋਇਆ ਸੀ ਪਰ ਉਨ੍ਹਾਂ ਦਾ ਮਨ ਚੜ੍ਹਦੀ ਕਲਾ ਵਿੱਚ ਦੇਖ ਮੈਨੂੰ ਕੁੱਝ ਹੌਂਸਲਾ ਹੋਇਆ। ਆਮ ਹੁੰਦਾ ਤਾਂ ਇਹ ਹੈ ਕਿ ਬਾਹਰ ਵਾਲੇ ਸਕੇ ਸਬੰਧੀ ਸਬੰਧਿਤ ਪਰਿਵਾਰ ਨੂੰ ਹੌਂਸਲਾ ਦਿੰਦੇ ਹਨ ਪਰ ਇਥੇ ਉਲਟਾ ਪਰਿਵਾਰ ਵਾਲੇ ਗੁਰੂ ਦੇ ਭਾਣੇ ਨੂੰ ਮੰਨਣ ਦੀ ਗੱਲ ਕਰ ਰਹੇ ਸੀ। ਘਰ ਵਿੱਚ ਮਹਿਸੂਸ ਹੀ ਨਹੀਂ ਹੋ ਰਿਹਾ ਸੀ ਕੋਈ ਪ੍ਰਾਣੀ ਅਕਾਲ ਚਲਾਣਾ ਕਰ ਗਿਆ ਹੋਵੇ।

ਅਗਲੇ ਦਿਨ ਮੈਂ ਕੈਪਟਨ ਸਾਬ੍ਹ ਦੇ ਛੋਟੇ ਸਪੁੱਤਰ ਸ. ਜਸਵਿੰਦਰ ਸਿੰਘ ਜੀ ਨੂੰ ਵੀ ਮਿਲਿਆ ਜੋ ਕਿ ਯੂ. ਐਸ. ਏ. ਵਿੱਚ ਰਹਿੰਦੇ ਹਨ ਉਨ੍ਹਾਂ ਨਾਲ ਮੇਰੀ ਪਹਿਲੀ ਮੁਲਾਕਾਤ ਸੀ। ਉਨ੍ਹਾਂ ਨੂੰ ਮਿਲ ਕੇ ਬੀਤੇ ਦਿਨ ਵਾਲਾ ਹੀ ਅਹਿਸਾਸ ਹੋਇਆ। ਇੱਕ ਮਿੰਟ ਲਈ ਸੋਚਿਆ ਕਿ ਸ਼ਾਇਦ ਇਨ੍ਹਾਂ ਦਾ ਅਫਸੋਸ ਕਰਨ ਦਾ ਢੰਗ ਇਹੋ ਜਿਹਾ ਹੀ ਹੋਵੇ ਪਰ ਮੇਰੀ ਇਹ ਧਾਰਣਾ ਜਲਦ ਹੀ ਦੂਰ ਹੋ ਗਈ ਜਦੋਂ ਮੈਂ ਸਾਰਿਆਂ ਦੀ ਗੁਰੂ ਪ੍ਰਤੀ ਅਪਾਰ ਸ਼ਰਧਾ ਦੇਖੀ। ਇਹ ਵੱਖਰਾ ਜਾਂ ਅਜੀਬ ਢੰਗ ਨਹੀਂ ਸੀ ਬਲਕਿ ਗੁਰੂ ਦਾ ਭਾਣਾ ਮੰਨਣ ਦਾ ਤਰੀਕਾ ਸੀ ਜਿਸ ਦਾ ਮੈਨੂੰ ਬਾਅਦ ਵਿੱਚ ਅਹਿਸਾਸ ਹੋਇਆ।

ਕੈਪਟਨ ਸਾਬ੍ਹ ’ਤੇ ਸਤਿਗੁਰਾਂ ਦੀ ਅਪਾਰ ਬਖਸ਼ਿਸ਼ ਹੈ। ਉਨ੍ਹਾਂ ਦਾ ਕਮਾਲ ਦਾ ਸਿਦਕ ਹੈ । ਜਿਹੋ ਜਿਹੀਆਂ ਸਖਸ਼ੀਅਤਾਂ ਬਾਰੇ ਪੜ੍ਹਿਆ ਸੁਣਿਆ ਸੀ ਉਸ ਦੇ ਪ੍ਰਤੱਖ ਦਰਸ਼ਨ ਕਰਨ ਨੂੰ ਮਿਲੇ। ਭਾਣਾ ਕਿਵੇਂ ਮੰਨਣਾ ਇਹ ਦੇਖਣ ਨੂੰ ਮਿਲਿਆ। ਗੁਰੂ ਸ਼ਬਦ ਵਿੱਚ ਇੱਕ ਮਿਕ ਰੂਹ ਨੇ ਕੈਪਟਨ ਸਾਬ੍ਹ। ਉਨ੍ਹਾਂ ਨਾਲ ਇਨ੍ਹਾਂ ਦਿਨਾਂ ਵਿੱਚ ਗੁਜ਼ਾਰਿਆ ਇੱਕ ਇੱਕ ਪਲ ਜਿੱਥੇ ਮੇਰੇ ਲਈ ਪ੍ਰੇਰਨਾ ਸਰੋਤ ਹੈ ਉੱਥੇ ਮੈਨੂੰ ਭਾਵੁਕ ਵੀ ਕਰ ਰਿਹਾ ਹੈ।

ਮੈਂ ਦੇਖਿਆ ਹੈ ਕਿ ਉਨ੍ਹਾਂ ਦਾ ਆਂਟੀ ਜੀ ਨਾਲ ਕਿੰਨਾ ਪਿਆਰ ਸੀ। ਉਹ ਆਂਟੀ ਜੀ ਦੀ ਕਿੰਨੀ ਪ੍ਰਵਾਹ ਕਰਦੇ ਸਨ। ਉਹ ਉਨ੍ਹਾਂ ਦੀ ਹਰ ਛੋਟੀ ਤੋਂ ਛੋਟੀ ਚੀਜ ਦਾ ਧਿਆਨ ਰੱਖਦੇ ਸਨ। ਅਸੀਂ ਦੋਵੇਂ ਜੀਆਂ (ਪਤੀ ਪਤਨੀ) ਨੇ ਜਦੋਂ ਵੀ ਆਂਟੀ ਤੇ ਕੈਪਟਨ ਸਾਬ੍ਹ ਨੂੰ ਮਿਲ ਕੇ ਆਉਣਾ ਤਾਂ ਉਨ੍ਹਾਂ ਦੇ ਆਪਸੀ ਪਿਆਰ ਦੀਆਂ ਗੱਲਾਂ ਹੀ ਕਰਦੇ ਰਹਿਣਾ। ਸਾਨੂੰ ਇੰਝ ਮਹਿਸੂਸ ਹੁੰਦਾ ਸੀ ਕਿ ਜਿਵੇਂ ਉਨ੍ਹਾਂ ਦੇ ਸਰੀਰ ਦੋ ਹਨ ਪਰ ਰੂਹ ਇੱਕ ਹੈ। ਅੱਜ ਉਨ੍ਹਾਂ ਦਾ ਉਹ ਅਜੀਜ਼ ਉਨ੍ਹਾਂ ਨੂੰ ਸਦਾ ਲਈ ਛੱਡ ਗਿਆ ਸੀ। ਹੁਣ ਉਸ ਨੇ ਦੁਬਾਰਾ ਨਹੀਂ ਮਿਲਣਾ ਸੀ। ਉਹ ਉਨ੍ਹਾਂ ਤੋਂ ਹਮੇਸ਼ਾਂ ਲਈ ਵਿਛੜ ਚੁੱਕਾ ਸੀ। ਅਜਿਹਾ ਸਮਾਂ ਹਰ ਇੱਕ ਲਈ ਬਹੁਤ ਔਖਾ ਹੁੰਦਾ ਹੈ। ਇਹ ਸੋਚ ਸੋਚ ਕੇ ਹੀ ਮੇਰੇ ਮਨ ਵਿੱਚ ਵੈਰਾਗ ਆ ਰਿਹਾ ਸੀ। ਕੈਪਟਨ ਸਾਬ੍ਹ ਦਾ ਇਹ ਘਾਟਾ ਨਾ ਤਾਂ ਉਨ੍ਹਾਂ ਦੇ ਬੱਚੇ ਹੀ ਪੂਰਾ ਕਰ ਸਕਦੇ ਹਨ ਅਤੇ ਨਾ ਹੀ ਕੋਈ ਹੋਰ। ਉਨਾਂ ਦਾ ਇੱਕਲਾਪਨ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਸੀ। ਉਨ੍ਹਾਂ ਦੀ ਇਸ ਹਾਲਤ ਨੂੰ ਦੇਖ ਕੇ ਕੋਈ ਵੀ ਵੈਰਾਗ ਵਿੱਚ ਆ ਜਾਵੇ ਪਰ ਉਨ੍ਹਾਂ ’ਤੇ ਸਤਿਗੁਰਾਂ ਦੀ ਇਨ੍ਹੀ ਮਿਹਰ ਹੈ ਕਿ ਉਨਾਂ ਨੇ ਆਪਣਾ ਦੁੱਖ ਹੀ ਜਿੱਤ ਲਿਆ।

ਕੈਪਟਨ ਸਾਬ੍ਹ ਦੁਆਰਾ ਆਪਣੇ ਅਜੀਜ਼ ਜੀਵਨ ਸਾਥਣ ਦੀ ਮ੍ਰਿਤਕ ਦੇਹ ਸਾਹਮਣੇ ਉੱਚੇ ਸੁਰ ਵਿੱਚ ਮੂਲ ਮੰਤਰ ਦਾ ਜਾਪ ਅਜਿਹੀ ਇਲਾਹੀ ਧੁਨ ਵਿੱਚ ਕੀਤਾ ਜਾ ਰਿਹਾ ਸੀ ਜੋ ਮਨ ਨੂੰ ਅੰਤਾਂ ਦਾ

ਸਕੂਨ ਪ੍ਰਦਾਨ ਕਰ ਰਹੀ ਸੀ। ਅਜਿਹਾ ਅਦਭੁਤ ਨਜ਼ਾਰਾ ਸੀ ਜਿਸ ਨੂੰ ਕਥਨ ਕਰਨਾ ਅਸੰਭਵ ਹੈ। ਵਾਹਿਗੁਰੂ ਦੀ ਮੋਲਿਕ ਧੁੰਨ ਇਕਸੁਰਤਾ ਪ੍ਰਦਾਨ ਕਰ ਰਹੀ ਸੀ, ਅਜਿਹਾ ਕੀਰਤਨ ਹੋ ਰਿਹਾ ਸੀ ਜੋ ਵੈਰਾਗੀ ਮਨਾਂ ਨੂੰ ਸਹਾਰਾ ਦੇ ਰਿਹਾ ਸੀ, ਜੈਕਾਰਿਆਂ ਦੀਆਂ ਗੂੰਜਾਂ ਢਹਿੰਦੇ ਮਨਾਂ ਨੂੰ ਸਹਾਰਾ ਦੇ ਰਹੀਆਂ ਸਨ।

ਆਪਣੇ ਪਿਆਰੇ ਦੀ ਚਿੱਖਾ ਚਿਣੀ ਜਾ ਰਹੀ ਸੀ ਸਾਥੀ ਵਲੋਂ ਵਾਹਿਗੁਰੂ ਦਾ ਭਾਣਾ ਮੰਨ ਕੇ ਕੜਕਵੀਂ ਅਵਾਜ਼ ਵਿੱਚ ਜਪੁ ਜੀ ਸਾਹਿਬ ਦਾ ਪਾਠ ਕੀਤਾ ਜਾ ਰਿਹਾ ਸੀ। ਸਕੇ ਸਬੰਧੀ ਇਸ ਨਜ਼ਾਰੇ ਨੂੰ ਤਕ ਹੈਰਾਨ ਹੋ ਰਹੇ ਸੀ। ਚਿੱਖਾ ਨੂੰ ਅਗਨੀ ਹਵਾਲੇ ਕਰਨ ਤੋਂ ਪਹਿਲਾਂ ਕੈਪਟਨ ਸਾਬ੍ਹ ਵਲੋਂ ਜ਼ੋਰ ਨਾਲ ਆਵਾਜ਼ ਦੇ ਕੇ ਆਖਿਆ "ਗੁਰਨਾਮ ਕੌਰੇ ਆ ਦੇਖ ਤੇਰੇ ਸੱਚ ਖੰਡ ਦੇ ਰਸਤੇ ਲਈ ਗੁਰੂ ਦੇ ਭਾਣੇ ਵਿੱਚ ਰਹਿ ਕੇ ਤੈਨੂੰ ਤੋਰ ਰਿਹਾ ਹਾਂ ਅਸੀਂ ਸਾਰੇ ਅਰਦਾਸ ਕਰ ਰਿਹੇ ਹਾਂ।" ਉਨ੍ਹਾਂ ਨੇ ਗੁਰਬਾਣੀ ਦੇ ਅਨੇਕਾਂ ਹੀ ਫੁਰਮਾਣਾਂ ਰਾਹੀਂ ਉੱਥੇ ਹਾਜ਼ਰ ਸਾਰੇ ਸਕੇ ਸਬੰਧੀਆਂ ਨੂੰ ਸੰਬੋਧਨ ਕਰਕੇ ਸੰਸਾਰ ਦੀ ਨਾਸ਼ਮਾਨਤਾ ਦਾ ਉਪਦੇਸ਼ ਦ੍ਰਿੜ ਕਰਵਾਇਆ। ਇਹ ਅਜਿਹਾ ਨਜ਼ਾਰਾ ਸੀ ਜਿਸ ਨੂੰ ਸਭ ਨੇ ਪਹਿਲੀ ਵਾਰ ਹੀ ਦੇਖਿਆ ਹੋਣਾ। ਸਭ ਦੰਗ ਸਨ ਤੇ ਮਾਹੌਲ ਅਧਿਆਤਮਕ ਰੰਗ ਵਿੱਚ ਰੰਗਿਆ ਹੋਇਆ ਸੀ। ਨਿਰਸੰਦੇਹ ਅਜਿਹੀ ਵਿਦਾਇਗੀ ਨੇ ਮਾਤਾ ਨੂੰ ਅਤੀਅੰਤ ਪ੍ਰਸੰਨ ਕੀਤਾ ਹੋਣਾ ਹੈ।

ਭਾਵੇਂ ਮਾਤਾ ਦੇ ਫੁੱਲ ਕੀਰਤਪੁਰ ਸਾਹਿਬ ਲਜਾਏ ਗਏ ਪਰ ਕੈਪਟਨ ਸਾਬ੍ਹ ਨੇ ਸਾਰਿਆਂ ਨੂੰ ਇਹ ਜ਼ਰੂਰ ਦੱਸਿਆ ਕਿ ਇਸ ਦਾ ਗੁਰਮਤਿ ਵਿੱਚ ਕੋਈ ਮਹੱਤਵ ਨਹੀਂ। ਇਹ ਰੀਤ ਸਿਰਫ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਫੁੱਲ ਦਿੱਲੀ ਤੋਂ ਪਤਾਲਪੁਰੀ ਵਿਖੇ ਲਿਆਂਦੇ ਜਾਣ ਕਰਕੇ ਹੀ ਸਿੱਖਾਂ ਵਿੱਚ ਪ੍ਰਚਲਿਤ ਹੋਈ ਹੈ। ਪਤਾਲਪੁਰੀ ਵਿਖੇ ਵਹਿੰਦੇ ਸਤਲੁਜ ਦਰਿਆ ਵਿੱਚ ਮਾਤਾ ਗੁਰਨਾਮ ਕੌਰ ਦੇ ਫੁੱਲ ਕੈਪਟਨ ਸਾਬ੍ਹ ਨੇ ਖੁਦ ਅਰਦਾਸ ਕਰਕੇ ਪਰਿਵਾਰ ਸਮੇਤ ਅਰਪਣ ਕੀਤੇ। ਪੰਜ ਜੈਕਾਰੇ ਛੱਡੇ ਗਏ। ਉੱਥੇ ਦਾ ਸਾਰਾ ਆਲਾ ਦੁਆਲਾ ਵੈਰਾਗਮਈ ਹੋ ਗਿਆ ਸੀ।

ਅੰਤਿਮ ਅਰਦਾਸ ਸਮੇਂ ਸਕੇ ਸਬੰਧਿਆਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਜਿੱਥੇ ਅਕਾਲ ਚਲਾਣਾ ਕਰ ਚੁੱਕੀ ਮਾਂ ਦੇ ਨੇਕ ਸਪੁੱਤਰਾਂ ਨੇ ਸ਼ਬਦ ਕੀਰਤਨ ਰਾਹੀਂ ਸਰਧਾਂਜਲੀ ਦਿੱਤੀ ਉੱਥੇ ਜੀਵਨ ਸਾਥੀ ਵਲੋਂ ਜ਼ੋਰਦਾਰ ਚੜਦੀਕਲਾ ਵਿੱਚ ਐਸਾ ਕੀਰਤਨ ਕੀਤਾ ਗਿਆ ਕਿ ਸਭ ਕੀਲੇ ਗਏ। ਸਭ ਦੇ ਮਨਾਂ ਵਿੱਚ ਵੈਰਾਗ ਉਬਾਲੇ ਮਾਰ ਰਿਹਾ ਸੀ ਪਰ ਕੀਰਤਨ ਦੀ ਅਜਿਹੀ ਧੁਨੀ ਸੀ ਕਿ ਸਾਰਿਆਂ ਨੂੰ ਆਪਣੀ ਸੁੱਧ ਬੁੱਧ ਹੀ ਨਹੀਂ ਰਹੀ। ਮੇਰੇ ਕੋਲ ਤਾਂ ਸ਼ਬਦ ਹੀ ਨਹੀਂ ਜੁੜ ਰਹੇ ਕਿ ਮੈਂ ਬਿਆਨ ਕਿਸ ਤਰ੍ਹਾਂ ਕਰਾਂ। ਕੀਰਤਨ ਦੀ ਅਜਿਹੀ ਸੁਰ ਜੋ ਕਿ ਕਥਨ ਤੋਂ ਬਾਹਰ ਹੈ।

ਇਸ ਤੋਂ ਪਹਿਲਾਂ ਹਜ਼ੂਰੀ ਰਾਗੀ ਜੱਥੇ ਨੇ ਵੀ ਬਹੁਤ ਹੀ ਰਸ ਭਿੰਨਾ ਕੀਰਤਨ ਕੀਤਾ ਮੈਂ ਆਪਣਾ ਫੋਨ ਕੱਢਿਆ ਤੇ ਰਿਕਾਰਡਿੰਗ 'ਤੇ ਲੱਗਾ ਦਿੱਤਾ। ਬਹੁਤ ਘੱਟ ਹੀ ਹੋਇਆ ਹੈ ਕਿ ਮੈਂ ਇਸ ਤਰ੍ਹਾਂ ਰਿਕਾਰਡਿੰਗ ਕੀਤੀ ਹੋਵੇ। ਇਹ ਤਾਂ ਗੁਰੂ ਸਾਹਿਬ ਦੀ ਜਿਵੇਂ ਆਗਿਆ ਹੀ ਹੋਵੇ ਕਿਉਂਕਿ ਆਉਣ ਵਾਲੇ ਵਕਤ ਵਿੱਚ ਅਲੋਕਿਕ ਮਾਹੋਲ ਜੋ ਬਣਨ ਵਾਲਾ ਸੀ। ਰਿਕਾਰਡਿੰਗ ਐਸੀ ਸ਼ੁਰੂ ਹੋਈ ਕਿ ਅੰਤ ਤਕ ਚਲਦੀ ਰਹੀ। ਹਜ਼ੂਰੀ ਕੀਰਤਨੀ ਜੱਥੇ ਤੋਂ ਬਾਅਦ ਫਿਰ ਇਸ ਪਰਿਵਾਰ ਦੇ ਹੀ ਅੰਗ ਡਾ. ਜਾਗੀਰ ਸਿੰਘ ਨੇ ਪਿਤਾ ਪੁਰਖੀ ਸੰਗੀਤਕ ਤਾਲੀਮ ਨੂੰ ਸਾਕਾਰ ਕਰਦੇ ਹੋਏ ਬਹੁਤ ਹੀ ਵੈਰਾਗਮਈ ਤੇ ਸਹਿਜਮਈ ਰੂਪ ਵਿੱਚ ਕੀਰਤਨ ਕੀਤਾ। ਉਨ੍ਹਾਂ ਤੋਂ ਬਆਦ ਕੈਪਟਨ ਸਾਹਿਬ ਦੇ ਵੱਡੇ ਸਪੁੱਤਰ ਨੇ ਕੀਰਤਨ ਕੀਤਾ। ਫਿਰ ਛੋਟੇ ਸਪੁੱਤਰ ਸ. ਜਸਵਿੰਦਰ ਸਿੰਘ ਨੇ ਵੈਰਾਗੀ ਮਨ ਨਾਲ ਕੀਰਤਨ ਕੀਤਾ ਉਨ੍ਹਾਂ ਨਾਲ ਸਹਾਇਕ ਵਜੋਂ ਵੱਡੇ ਭਰਾਤਾ ਅਤੇ ਤਬਲੇ 'ਤੇ ਕੈਪਟਨ ਸਾਹਿਬ ਦੇ ਪੋਤਰੇ ਤੇ ਉਨ੍ਹਾਂ (ਸ. ਜਸਵਿੰਦਰ ਸਿੰਘ) ਦੇ ਹੀ ਸਪੁੱਤਰ ਯੁਵਰਾਜ ਸਿੰਘ ਨੇ ਬਹੁਤ ਪਿਆਰਾ ਤਬਲਾ ਵਜਾਇਆ। ਇਹ ਸਭ ਦੇਖ ਕੇ ਮੈਂ ਦੰਗ ਸੀ। ਗੁਰੂ ਸਾਹਿਬ ਦੀ ਐਨੀ ਕਿਰਪਾ, ਵਾਹਿਗੁਰੂ। ਸਾਰਾ ਪਰਿਵਾਰ ਸ਼ਬਦ ਕੀਰਤਨ ਨਾਲ ਕਿੰਨਾ ਨੇੜੇ ਹੋ ਕੇ ਜੁੜਿਆ ਹੋਇਆ ਹੈ। ਫਿਰ ਵਾਰੀ ਆਈ ਕੈਪਟਨ ਸਾਬ੍ਹ ਦੀ, ਜਿਸ ਦੀ ਮੈਂ ਮਨੋ ਮਨ ਉਡੀਕ ਕਰ ਰਿਹਾ ਸੀ। ਉਨ੍ਹਾਂ ਨੇ ਜਿਸ ਵਜਦ ਵਿਚ ਆ ਕੇ ਕੀਰਤਨ ਕੀਤਾ ਉਸ ਨੂੰ ਸ਼ਾਬਦਿਕ ਜਾਮਾ ਪਹਿਨਾਉਣਾ ਅਸੰਭਵ

ਹੈ। ਉਹ ਨਜ਼ਾਰਾ ਤਾਂ ਦੇਖਿਆ ਸੁਣਿਆ ਹੀ ਬਣਦਾ ਸੀ। ਗੁਰਬਾਣੀ ਦੇ ਅਜਿਹੇ ਢੁੱਕਵੇਂ ਫੁਰਮਾਣ ਇੱਕ-ਇੱਕ ਗੱਲ ਧੂਹ ਅੰਦਰ ਤਕ ਜਾ ਰਹੀ ਸੀ। ਮੈਂ ਸੋਚ ਰਿਹਾ ਸੀ ਕਿ ਅਜਿਹੀ ਅਵਸਥਾ ਬਣਦੀ ਕਿਵੇਂ ਹੈ। ਮੈਂ ਹੀ ਨਹੀਂ ਹਰ ਕੋਈ ਗੁਰੂ ਦਾ ਸਿੱਖ ਅਜਿਹੀ ਅਵਸਥਾ ਨੂੰ ਪਾਉਣ ਦੀ ਚਾਹਤ ਰੱਖਦਾ ਹੈ।

ਇਹ ਸਾਰਾ ਸੰਗੀਤਕ ਮਾਹੌਲ ਸ. ਗੁਰਮੁਖ ਸਿੰਘ (ਕੈਪਟਨ ਸਾਬ੍ਹ ਦੇ ਸਤਿਕਾਰਯੋਗ ਪਿਤਾ ਜੀ) ਅਤੇ ਉਨ੍ਹਾ ਦੇ ਸਪੁੱਤਰ ਸ਼੍ਰੋਮਣੀ ਰਾਗੀ ਭਾਈ ਉਤਮ ਸਿੰਘ ਪਤੰਗ ਜੀ (ਕੈਪਟਨ ਸਾਬ੍ਹ ਦੇ ਵੱਡੇ ਭਰਾਤਾ) ਦੀ ਹੀ ਦੇਣ ਸੀ ਜਿਨ੍ਹਾਂ ਦਾ ਜ਼ਿਕਰ ਵਿਸ਼ੇਸ਼ ਤੌਰ ’ਤੇ ਸਤਿਕਾਰਯੋਗ ਪ੍ਰਧਾਨ ਕੁਲਬੀਰ ਸਿੰਘ (ਮਾਤਾ ਗੁਰਨਾਮ ਕੌਰ ਦੇ ਭਰਾਤਾ) ਦੁਆਰਾ ਸਮਾਗਮ ਦੌਰਾਨ ਕੀਤਾ।

ਇੱਕ ਗੱਲ ਮੈਂ ਵਿਸ਼ੇਸ਼ ਤੌਰ ’ਤੇ ਇਹ ਵੀ ਜ਼ਰੂਰ ਸਾਝੀ ਕਰਨਾ ਚਾਹੁੰਦਾ ਹਾਂ ਕਿ ਮੈਨੂੰ ਅਸਲ ਵਿੱਚ ਜੈਕਾਰਿਆਂ ਦੀ ਅਹਿਮੀਅਤ ਇਸ ਪਿਆਰੇ ਸਮਾਗਮ ਦੌਰਾਨ ਹੀ ਪਤਾ ਲੱਗੀ। ਬਹੁਤ ਵਾਰ ਜੈਕਾਰੇ ਗਜਾਉਂਦੇ ਰਹੇ ਹਾਂ ਕਦੀ ਉੱਚੀ ਅਵਾਜ਼ ਵਿੱਚ ਅਤੇ ਕਦੇ ਨੀਵੀ ਅਵਾਜ਼ ਵਿੱਚ। ਪਰ ਅਜਿਹਾ ਪ੍ਰਭਾਵ ਕਦੀ ਮਹਿਸੂਸ ਨਹੀਂ ਹੋਇਆ ਜੋ ਇਸ ਪਰਿਵਾਰ ਵਲੋਂ ਲਾਏ ਜੈਕਾਰਿਆ ਦਾ ਹੋਇਆ। ਮਾਤਾ ਨੂੰ ਹਸਪਤਾਲ ਤੋਂ ਘਰ ਲਿਆਉਣ ’ਤੇ ਪੰਜ ਜੈਕਾਰੇ, ਘਰੋਂ ਅੰਤਿਮ ਯਾਤਰਾ ਪ੍ਰਾਰੰਭ ਕਰਨ ’ਤੇ ਪੰਜ ਜੈਕਾਰੇ, ਚਿਖਾ ਨੂੰ ਅਗਨ ਭੇਟ ਕਰਨ ਸਮੇਂ ਪੰਜ ਜੈਕਾਰੇ, ਅਰਦਾਸ ਉਪਰੰਤ ਪੰਜ ਜੈਕਾਰੇ, ਸਤਲੁੱਜ ਦਰਿਆ ਦੇ ਵਹਿੰਦੇ ਪਾਣੀ ਦੇ ਕਿਨਾਰੇ ਫੁੱਲ ਤਾਰਨ ਸਮੇਂ ਪੰਜ ਜੈਕਾਰੇ, ਅੰਤਿਮ ਅਰਦਾਸ ਸਮੇਂ ਪੰਜ ਜੈਕਾਰੇ। ਕਮਾਲ ਦਾ ਜੋਸ਼ ਭਰ ਜਾਂਦਾ ਸੀ ਵੈਰਾਗੀ ਮਨ ਨੂੰ ਅਜਿਹਾ ਹੌਂਸਲਾ ਹੁੰਦਾ ਸੀ ਕਿ ਪੂਰੇ ਸਰੀਰ ਵਿੱਚ ਝੁਣਝਣੀ ਜਿਹੀ ਛਿੜ ਜਾਂਦੀ ਸੀ। ਚੇਹਰੇ ’ਤੇ ਵੱਖਰਾ ਨੂਰ ਮਹਿਸੂਸ ਹੁੰਦਾ ਸੀ। ਵਾਹ ਮੇਰੇ ਗੁਰੂ ਨਾਨਕ! ਤੂੰ ਕਮਾਲ ਦਾ ਪੰਥ ਚਲਾਇਆ ਅਜਿਹਾ ਜਜ਼ਬਾ! ਕੋਟਿ ਕੋਟਿ ਪ੍ਰਣਾਮ।

ਜੋ ਚੀਜ ਪਿਤਾ ਵਿੱਚ ਦੇਖੀ ਉਹੀ ਸਪੁੱਤਰਾਂ ਵਿੱਚ ਸਾਫ ਦਿੱਖ ਰਹੀ ਸੀ। ਦੋਵੇਂ ਸਪੁੱਤਰਾਂ ਵਿੱਚ ਸਹਿਜਤਾ, ਨਿਮਾਣਤਾ, ਸਹਿਚਾਰਤਾ, ਸਦਾਚਾਰਤਾ, ਮਿਲਣਸਾਰਤਾ, ਭਾਣਾ ਮੰਨਣ ਦੀ ਅਪਾਰ ਗੁਰੂ ਕਿਰਪਾ ਦੇਖੀ ਜਾ ਸਕਦੀ ਸੀ। ਭਾਵੇਂ ਇੱਕ ਵਾਰ ਤਾਂ ਉਹ ਆਪਣੇ ਵੈਰਾਗ ਦੇ ਵੇਗ ਨੂੰ ਰੋਕ ਨਹੀਂ ਸਕੇ ਪਰ ਗੁਰੂ ਉੱਪਰ ਐਨਾ ਨਿਸ਼ਚਾ ਬਿਆਨ ਤੋਂ ਪਰੇ ਹੈ।

ਪਰਿਵਾਰ ਦੀਆਂ ਦੋਵੇਂ ਨੂੰਹਾਂ ਨੇ ਆਪਣੇ ਬਣਦੇ ਫਰਜ਼ ਬਹੁਤ ਹੀ ਹਲੀਮੀ ਤੇ ਸਭਿਅਕ ਤਰੀਕੇ ਨਾਲ ਨਿਭਾਏ। ਉਨ੍ਹਾਂ ਨੇ ਆਪਣੇ ਵੈਰਾਗ ਨੂੰ ਠੱਲ ਤਾਂ ਪਾਈ ਸੀ ਪਰ ਵੈਰਾਗ ਮਾਂ ਰੂਪੀ ਸੱਸ ਦਾ ਸੀ ਇਸ ਲਈ ਉਨ੍ਹਾਂ ਤੋਂ ਰੋਕਿਆ ਰੁੱਕਦਾ ਨਹੀਂ ਸੀ। ਉਨ੍ਹਾਂ (ਦੋਵੇਂ ਨੂੰਹਾਂ) ਦਾ ਮਾਤਾ ਪ੍ਰਤੀ ਸਤਿਕਾਰ, ਪਿਆਰ, ਵੈਰਾਗ, ਤੜਫ ਦੇਖ ਕਿ ਮੈਨੂੰ ਕੈਪਟਨ ਸਾਬ੍ਹ ਦੀ ਉਹ ਗੱਲ ਯਾਦ ਆ ਜਾਂਦੀ ਹੈ ਜੋ ਉਹ ਅਕਸਰ ਆਂਟੀ ਜੀ ਨੂੰ ਕਹਿੰਦੇ ਹੁੰਦੇ ਸਨ ਕਿ "ਗੁਰਨਾਮ ਕੌਰ ਤੂੰ ਆਪਣੀ ਜ਼ਿੰਦਗੀ ਸਫਲ ਕਰ ਲਈ ਹੈ, ਤੂੰ ਇੱਕ ਅਦਰਸ਼ਕ ਨੂੰਹ, ਅਦਰਸ਼ਕ ਸੁਪਤਨੀ, ਅਦਰਸ਼ਕ ਮਾਂ, ਅਦਰਸ਼ਕ ਸੱਸ ਤੇ ਅਦਰਸ਼ਕ ਦਾਦੀ ਦੀਆਂ ਸਾਰੀਆਂ ਜਿੰਮੇਵਾਰੀਆਂ ਬਹੁਤ ਹੀ ਸਲੀਕੇ ਨਾਲ ਨਿਭਾਈਆਂ ਹਨ। ਹੁਣ ਮੇਰੀ ਵਾਰੀ ਹੈ ਕਿ ਮੈ ਸਫਲ ਪਤੀ ਬਣ ਸਕਾਂ।" ਪਰਿਵਾਰ ਨੂੰ ਦੇਖ ਕੇ ਕੈਪਟਨ ਸਾਬ੍ਹ ਦੀ ਇੱਕ ਇੱਕ ਗੱਲ ਸੱਚ ਸਿੱਧ ਹੋ ਰਹੀ ਸੀ। ਸਾਰੇ ਪਰਿਵਾਰ ਨੇ ਮਾਤਾ ਨੂੰ ਬੜੀ ਮਿੱਠੀ ਤੇ ਵੈਰਾਗਮਈ ਪਰ ਖੁਸ਼ਨੁਮਾ ਵਿਦਾਇਗੀ ਦਿੱਤੀ।

ਮੈਂ ਧੰਨਵਾਦੀ ਹਾਂ ਡਾ. ਗੁਰਨਾਮ ਸਿੰਘ ਦਾ ਜਿਨ੍ਹਾਂ ਨੇ ਮੈਨੂੰ ਇਹ ਮੌਕਾ ਦਿੱਤਾ। ਮੈਂ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦਾ ਕਿ ਮੈਨੂੰ ਕਿੰਨਾ ਚੰਗਾ ਮਹਿਸੂਸ ਹੋ ਰਿਹਾ ਹੈ। ਇਹ ਮੌਕਾ ਮੇਰੀ ਜ਼ਿੰਦਗੀ ਦੇ ਅਹਿਮ ਮੌਕਿਆਂ ਵਿਚੋਂ ਮੋਹਰੀ ਹੋ ਨਿਬੜਿਆ ਹੈ। ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ। ਸਾਰਾ ਪਰਿਵਾਰ ਡਾ. ਗੁਰਨਾਮ ਸਿੰਘ ਦਾ ਦਿਲੋਂ ਬਹੁਤ ਸਤਿਕਾਰ ਕਰਦਾ ਹੈ। ਸਮੇਂ ਸਮੇਂ ’ਤੇ ਕਦੀ ਕੈਪਟਨ ਸਾਬ੍ਹ, ਕਦੇ ਬਲਜਿੰਦਰ ਸਰ, ਕਦੇ ਜਸਵਿੰਦਰ ਵੀਰ ਜੀ ਡਾ. ਸਾਬ੍ਹ ਦੀ ਦਿੱਲ ਖੋਲ ਕੇ ਵਡਿਆਈ ਕਰ ਰਹੇ ਸੀ ਜਿਸ ਨਾਲ ਮੈਨੂੰ ਵੀ ਕਾਫੀ ਸੁਖਦ ਅਹਿਸਾਸ ਹੋ ਰਿਹਾ ਸੀ। ਗੁਰੂ ਸਾਹਿਬ ਸਾਰੇ ਪਰਿਵਾਰ ’ਤੇ ਆਪਣੀ ਮਿਹਰ ਇਸੇ ਤਰ੍ਹਾਂ ਬਣਾਈ ਰੱਖੇ।

ਕੁੱਲ ਮਿਲਾ ਕੇ ਕਿਵੇਂ ਗੁਰਸਿੱਖ ਨੇ ਭਾਣਾ ਮੰਨਣਾ ਹੈ ਇਹ ਉਸ ਪਰਿਵਾਰ ਤੋਂ ਸਿੱਖਿਆ ਜਾ ਸਕਦਾ ਹੈ। ਮੇਰਾ ਇਹ ਸਭ ਲਿੱਖਣ ਦਾ ਮੁੱਖ ਕਾਰਨ ਇਹ ਹੀ ਸੀ ਕਿ ਸੰਸਾਰ ਵਿੱਚ ਅਜਿਹੀਆਂ ਰੂਹਾਂ ਅਜੇ ਵੀ ਹਨ ਜੋ ਗੁਰੂ ਦੇ ਭਾਣੇ ਅਨੁਸਾਰ ਆਪਣਾ ਜੀਵਨ ਬਤੀਤ ਕਰ ਰਹੀਆਂ ਹਨ। ਉਨ੍ਹਾਂ ਵਿੱਚ ਮੈਂ ਕਹਿ ਸਕਦਾ ਹਾਂ ਕਿ ਕੈਪਟਨ ਸਾਹਿਬ ਇੱਕ ਹਨ। ਇਹੋ ਜਿਹੇ ਇਨਸਾਨ ਵਿਰਲੇ ਹੀ ਹੁੰਦੇ ਹਨ। ਅਜਿਹੇ ਇਨਸਾਨਾਂ ਦੇ ਦਰਸ਼ਨ ਨਿਤ ਕੀਤੇ ਜਾਣ ਤਾਂ ਉਹ ਵੀ ਘੱਟ ਹਨ। ਸੁਣਿਆ ਤਾਂ ਸੀ ਕਿ ਭਾਣਾ ਕਿਵੇਂ ਮੰਨੀਦਾ ਹੈ ਪਰ ਦੇਖਿਆ ਪਹਿਲੀ ਵਾਰ ਹੈ। ਹੇ ਵਾਹਿਗੁਰੂ ਤੂੰ ਮਹਾਨ ਹੈ ਅਤੇ ਤੇਰੇ ਬੰਦੇ ਵੀ ਮਹਾਨ ਹਨ। ਸਾਨੂੰ ਇਹੋ ਜਿਹੇ ਇਨਸਾਨਾਂ ਤੋਂ ਸੇਧ ਲੈਣ ਦੀ ਜ਼ਰੂਰਤ ਹੈ।

---

# ਬਾਬੇ ਦੀ ਰਬਾਬ

**ਜੋਗਿੰਦਰ ਸਿੰਘ ਸੋਢੀ**

ਪਿਛਲੇ ਸਫ਼ੇ ਤੇ ਜ਼ਿਕਰ ਕੀਤਾ ਸੀ ਕਿ ਰਬਾਬ ਸਾਜ਼ ਦੀ ਇਬਤਦਾ ਤੇ ਇਸ ਦੇ ਗੁਣਾਂ ਬਾਰੇ ਜਾਣ-ਪਛਾਣ ਪੇਸ਼ ਕਰਾਂਗੇ। ਭਰੋਸੇ ਦੀ ਜ਼ਬਾਨ ਨਾਲ ਕਿਹਾ ਜਾ ਸਕਦਾ ਹੈ ਕਿ ਗੁਰੂ ਬਾਬੇ ਨਾਨਕ ਦੇਵ ਜੀ ਮਹਾਰਾਜ ਦੀ ਇਸ ਸਾਜ਼ ਦੀ ਚੋਣ ਅੰਦਰ ਵੀ ਇੱਕ ਇਲਾਹੀ ਭੇਦ, ਕੌਮੀ ਰਾਜ਼, ਰੂਹਾਨੀ ਗਿਆਨ ਅਤੇ ਪ੍ਰਭੂ ਫ਼ਿਲਾਸਫੀ ਦੀ ਅਗੰਮੀ ਸਿਆਣਪ ਦੀ ਅਲੌਕਿਕ ਤੇ ਹੈਰਾਨਕੁਨ ਵਿਦਵਤਾ, ਉਹਨਾਂ ਦੇ ਮਨ ਦਰਪਨ ਦੀ ਪਵਿੱਤਰਤਾ ਦੀ ਪ੍ਰਦਰਸ਼ਨੀ, ਗਿਆਨ ਮਈ ਸੂਝ ਨਾਲ ਪ੍ਰਫੁਲਤ ਦਿਸ ਆਉਂਦੀ ਹੈ।

ਅਸੀਂ ਹੁਣ ਉਸ ਸਾਜ਼ ਦੀ ਚੋਣ, ਯਾਨੀ ਇੰਤਖ਼ਾਬ ਤੇ ਗੌਰ ਕਰਦੇ ਹਾਂ। ਰਬਾਬ, ਅਰਬੀ ਦਾ ਸ਼ਬਦ ਹੈ ਅਤੇ ਇਸ ਦੀ ਸਾਂਝ ਤੇ ਰਿਸ਼ਤਾ ਫਾਰਸੀ ਬੋਲੀ ਵਿੱਚ ਵੀ ਤਰਬੈਣੀ ਦੇ ਸੰਗਮ, ਜਲ ਵਰਗਾ ਹੈ। ਇਹ ਲਫਜ਼ ਜਾਂ ਸ਼ਬਦ ਦੀ ਇਬਤਦਾ, ਸ਼ੁਰੂਆਤ ਤੇ ਆਰੰਭ, ਰੁੱਬ ਅੱਖਰ ਤੋਂ ਉਤਪੰਨ ਹੋਇਆ ਸੀ। ਇਹ ਜੋ ਵੀ ਮੈਂ ਅੰਕਿਤ ਕਰ ਰਿਹਾ ਹਾਂ, ਇਹ ਤਮਾਮ ਦਾ ਤਮਾਮ, ਫਾਰਸੀ ਤੇ ਅਰਬੀ ਜ਼ਬਾਨ ਵਿੱਚ ਲਿਖੀਆਂ ਹੋਈਆਂ ਤਸ਼ਰੀਹਾਂ, ਯਾਨੀ ਅਲੰਕਾਰ ਜੋ ਵੀ ਉਹਨਾਂ ਦੇਸ਼ਾਂ ਦੀਆਂ ਬਣਾਈਆਂ ਹੋਈਆਂ ਡਿਕਸ਼ਨਰੀਆਂ ਹਨ, ਉਹਨਾਂ ਤੋਂ ਆਸਰਾ ਲੈ ਕੇ ਲਿਖਤ ਰੂਪ ਦੇ ਰਿਹਾ ਹਾਂ। "ਰੁੱਬ", ਲਫਜ਼, ਅਰਬ ਦੇਸ਼ ਦੀ ਯੂਨਾਨੀ ਹਿਕਮਤ ਦੀ ਲੁਗ਼ਾਤ ਅੰਦਰ ਦਰਜ ਹੈ। ਲੁਗ਼ਾਤ ਦੇ ਅਰਥ ਹਨ, ਹਕੀਮੀ ਦਾ ਮਹਾਨ ਕੋਸ਼। ਰੁੱਬ, ਇੱਕ ਦਵਾਈ ਦੇ ਮੁਰੱਕਬ, ਯਾਨੀ ਦੋ ਚੀਜ਼ਾਂ ਦੇ ਜੋੜ-ਮੇਲ ਨਾਲ ਸੰਬੰਧਤ ਹੈ। ਅਨਾਰ ਫਲ ਤੇ ਅੰਗੂਰ ਦੇ ਰੱਸ ਨੂੰ ਇਕੋ ਮਿਕਦਾਰ ਵਿੱਚ ਮਿਲਾ ਕੇ, ਅੱਗ ਉੱਤੇ ਘੰਟਿਆਂ ਬੱਧੀ ਜੋਸ਼ ਦੇਣਾ ਤੇ ਮਿੱਠੀ ਮਿੱਠੀ ਅੱਗੇ, ਕਾਹੜ ਕਾਹੜ ਕੇ ਗਾਹੜਾ ਕਰ, ਉਸ ਨੂੰ ਸ਼ਹਿਦ ਰੂਪ ਵਿੱਚ ਲੈ ਆਉਣਾ। ਫੇਰ ਬਣੀ ਕੋਈ ਮਰੱਕਬ ਦੁਆਈ, ਸ਼ਹਿਨਸ਼ਾਹਾਂ ਤੇ ਅਮੀਰਾਂ ਦੇ ਬੱਚਿਆਂ ਨੂੰ ਗੁੜ੍ਹਤੀ ਦੇ ਤੌਰ ਤੇ ਦਿੱਤੀ ਜਾਂਦੀ ਸੀ। ਇਸ ਅੰਦਰ ਹਿਕਮਤ ਦੇ ਅਸੂਲ ਮੁਤਾਬਿਕ, ਬੱਚੇ ਨੂੰ ਇਸਦੀ ਬਾਕਾਇਦਾ ਵਰਤੋਂ ਦਾ ਸਦਕਾ, ਜ਼ਿਹਨ ਦੀ ਤਰੱਕੀ ਹੁੰਦੀ ਸੀ। ਹੱਡ ਪੈਰ ਨਰੋਏ, ਮਜ਼ਬੂਤ ਹੋ, ਚਿਹਰੇ ਤੇ ਊਸ਼ਾ ਦੀ ਲਾਲੀ ਪਰਵੇਸ਼ ਕਰਦੀ ਸੀ। ਇਲਾਵਾ ਇਸਦੇ, ਇਸ ਦੀ ਵਰਤੋਂ ਦੇ ਕਾਰਨ, ਬੱਚੇ ਦੀ ਆਉਣ ਵਾਲੀ ਆਯੂ ਵਿੱਚ ਤੰਦਰੁਸਤੀ ਰਹਿੰਦੀ ਸੀ ਤੇ ਘੱਟ ਤੋਂ ਘੱਟ ਬੀਮਾਰੀਆਂ ਹਮਲਾ ਕਰ ਸਕਦੀਆਂ ਸਨ। ਇਹਨਾਂ ਸੁਅੱਛ ਗੁਣਾਂ ਦੇ ਆਧਾਰ ਤੇ ਇਸ, ਮਰੱਕਬ ਦਾ ਜਨਮ ਰੁੱਬ ਰੱਖਿਆ ਗਿਆ ਹੈ।

ਰੁੱਬ, ਸ਼ਬਦ ਹਜ਼ਰਤ ਮੂਸਾ ਜੀ ਦੇ ਸਮੇਂ, ਰੂਬੀ ਨਾਮੇਂ ਪੱਥਰ ਨੂੰ ਵੀ ਆਖਿਆ ਗਿਆ, ਜਿਸ ਨੂੰ ਅਸੀਂ ਲਾਲ ਆਖਦੇ ਹਾਂ, ਜੋ ਕਿ ਹੀਰਿਆਂ ਪੰਨਿਆਂ ਤੇ ਕੀਮਤੀ ਪੱਥਰਾਂ ਦੀ ਕਿਸਮ ਵਿੱਚੋਂ ਹੈ ਅਤੇ ਪਿਛਲੇ ਸਮੇਂ ਅਤੇ ਅੱਜ ਵੀ ਲਾਲ ਦੀ ਕੀਮਤ ਹੀਰਿਆਂ ਨਾਲੋਂ ਘੱਟ ਨਹੀਂ ਗਿਣੀ ਜਾਂਦੀ। ਇਥੋਂ ਤੱਕ ਕਿ ਬੱਚੇ ਜਿਹੀ ਅਮੋਲਕ ਦਾਤ ਨੂੰ, ਹਰ ਮਾਂ ਲਾਡ ਵਿੱਚ ਮੇਰਾ ਪੁੱਤਰ, ਮੇਰੇ ਲਾਲ ਸ਼ਬਦ ਨਾਲ ਪਿਆਰਦੀ ਹੈ। ਇਹ ਹੈ ਇਸ ਸ਼ਬਦ ਤੇ ਪਦ ਦੀ ਗੌਰਵਤਾ। ਇਸੇ ਸ਼ਬਦ, ਯਾਨੀ ਰੁੱਬ ਨੇ ਜ਼ਮਾਨੇ ਦੀ

ਅਥੱਕ ਚਾਲ ਦੇ ਪਲਟੇ ਵਿੱਚ, ਬੜੀ ਮਹੱਤਤਾ ਤੇ ਗੌਰਵਤਾ ਹਾਸਲ ਕੀਤੀ ਹੈ। ਜਦੋਂ ਕੁਰਾਨੇ ਮਜੀਦ ਜੀ ਦੀ ਇਲਾਹੀ ਬਾਣੀ ਲਿਖਣੀ ਆਰੰਭ ਹੋਈ ਤਾਂ ਪੀਰਾਨੇ ਪੀਰ ਦਸਤਗੀਰ ਹਜ਼ਰਤ ਮੁਹੰਮਦ ਸਾਹਿਬ ਜੀ ਨੇ, ਪ੍ਰਭੂ ਪ੍ਰਮੇਸ਼ਵਰ, ਕਰੀਮ-ਮੁਲ-ਕਮਾਲ, ਕਾਇਨਾਤ ਦੇ ਕਰਤਾ, ਪ੍ਰਭੂ ਨੂੰ, ਰੁੱਬ-ਉਲ-ਆਲਮੀਨ ਸ਼ਬਦ ਨਾਲ ਸੰਬੋਧਤ, ਬੜੇ ਸਤਿਕਾਰ ਤੇ ਅਮੁੱਕ ਅਦਬ ਨਾਲ ਕੀਤਾ ਗਿਆ ਸੀ। ਰੁੱਬ ਸ਼ਬਦ ਦੇ ਗੁਣ ਤੇ ਸਿਫ਼ਤਾਂ ਅਸੀਂ ਪਿੱਛੇ ਦੱਸ ਹੀ ਆਏ ਹਾਂ। ਉਲ, ਦੇ ਅਰਥ ਹਨ, ਤਮਾਮ ਪ੍ਰਕਿਰਤੀ, ਬ੍ਰਹਿਮੰਡ ਦਾ ਸਾਜਣਹਾਰ। ਆਲਮੀਨ, ਬ੍ਰਹਿਮੰਡ ਦੀ ਸ਼ਕਤੀ ਦਾ ਇਲਮ ਰੱਖਣ ਵਾਲਾ, ਗਿਆਤਾ, ਕਰਤਾ ਪੁਰਖ। ਹਜ਼ਰਤ ਸਾਹਿਬੇ ਕਮਾਲ ਜੀ ਦਾ ਮਕਸਦ ਸੀ ਕਿ ਖ਼ੁਦਾਵੰਦ ਤਾਅਲਾ, ਨਿਰੀ ਮਿਠਾਸ ਹੈ, ਹਰ ਇੱਕ ਨਾਲ ਸੱਚਾ ਪਿਆਰ ਕਰਦਾ ਹੈ ਅਤੇ ਮਨੁੱਖ ਮਾਤਰ ਨੂੰ ਤਾਕਤ ਦੀਆਂ ਹਰ ਪਹਿਲੂ ਤੋਂ ਬਰਕਤਾਂ ਬਖ਼ਸ਼, ਪਾਲਣਾ ਕਰਦਾ ਹੈ। ਜਿਵੇਂ ਰੁੱਬ ਜਦੋਂ ਗੁੜ੍ਹਤੀ ਦੀ ਸ਼ਕਲ ਵਿੱਚ ਨੰਨੇ-ਮੁੰਨਿਆਂ ਨੂੰ ਤਾਕਤ ਤੇ ਨਰੋਇਆ-ਪਨ ਦੀ ਬਰਕਤ ਅਤਾ ਹੋਇਆ ਕਰਦੀ ਸੀ, ਇੰਝ ਹੀ ਅਸੀਂ ਵੀ ਰੱਬ ਦੇ ਬੱਚੇ ਹਾਂ, ਸਾਨੂੰ ਵੀ, ਆਪਣੇ ਬੱਚੇ ਸਮਝ ਕੇ, ਉਹ ਅਨੰਤ ਤਾਕਤਾਂ ਦੇ ਭੰਡਾਰ ਵਿੱਚੋਂ, ਸਾਨੂੰ ਆਪਣੀਆਂ ਰਹਿਮਤਾਂ ਇਨਾਇਤ ਕਰਦਾ ਹੈ। ਰੁੱਬ ਇਕ ਤਾਕਤ ਦੇਣ ਵਾਲੀ ਵਸਤੂ ਦਾ ਨਾਮ ਹੈ ਤੇ ਉਸ ਦੇ ਬਨਾਉਣ ਵਾਲੇ ਨੂੰ ਰੱਬ ਦੇ ਨਾਂ ਨਾ ਸਤਿਕਾਰਿਆ ਗਿਆ। ਇਸ ਦਾ ਇਹ ਮਤਲਬ ਨਹੀਂ, ਕਿ ਹਕੀਮ ਨੂੰ ਰੱਬ ਆਖਿਆ ਗਿਆ ਹੈ। ਕਹਿਣ ਤੋਂ ਭਾਵ ਹੈ ਕਿ ਰੁੱਬ ਬਣਾਉਣ ਵਾਲੇ ਦੇ ਪਿੱਛੇ ਜੋ ਸ਼ਕਤੀ ਕੰਮ ਕਰ ਰਹੀ ਸੀ, ਉਹ ਖ਼ੁਦਾ ਹੈ, ਜੋ ਖ਼ੁਦੀ, ਤਕੱਬਰੀ ਤੋਂ ਪਾਕ ਸਾਫ਼ ਹੈ, ਉਹ ਹੀ ਕਰਤਾ ਪੁਰਖ, ਰੱਬ ਹੋ ਸਕਦਾ ਹੈ। ਉਸੇ ਦੀ ਗ਼ਾਇਬੀ ਤਾਕਤਾਂ ਸਾਰੇ ਬ੍ਰਹਿਮੰਡ ਨੂੰ ਚਲਾ ਰਹੀਆਂ ਹਨ।

ਅਗਾਹਾਂ, ਚਲ ਕੇ ਇਸੇ ਰੁੱਬ ਸ਼ਬਦ ਤੋਂ ਰੁਬਾਈ ਅੱਖਰ ਦੀ ਪੈਦਾਇਸ਼ ਹੋਈ। ਜਿਸ ਦੇ ਅਰਥ ਸੁਘੜ ਸਿਆਣਿਆਂ ਨੇ ਇੰਜ ਕਰ ਕੇ ਦਰਸਾਏ ਹਨ ਕਿ ਕਾਵਿ-ਰਚਨਾ ਅੰਦਰ, ਰੁਬਾਇਆਤ, ਜ਼ਿੰਦਗੀ ਤੇ ਹੱਯਾਤ ਵਰਗੀ ਅਮੋਲਕ ਹਸਤੀ, ਜੋ ਕਿ ਮਿੱਠੇ ਅੰਗੂਰ ਵਰਗੀ ਹੈ, ਉਸ ਨੂੰ ਖ਼ਿਆਲਾਂ ਦੀ ਦਾਨਿਸ਼ਮੰਦੀ ਨਾਲ ਸਿੰਚ ਕੇ, ਮਨੁੱਖ ਦੀ ਜ਼ਿੰਦਗੀ ਨੂੰ ਖੁਸ਼ਹਾਲੀ ਦੀ ਸੁਰਖ਼ੀ ਪੇਸ਼ ਕਰਦੀਆਂ ਹਨ ਅਤੇ ਰੁਬਾਇਆਤ ਦੀਆਂ ਅਕੀਲ, ਯਾਨੀ ਸੁਘੜ ਕੁੱਜੀਆਂ ਵਿੱਚ ਹੀ, ਆਦਮੀ ਦੀ ਸੋਹਝੀ ਲਈ ਅਨੰਤ ਸਿਫ਼ਤਾਂ ਤੇ ਅਨੇਕ ਗੁਣਾਂ ਦੇ ਸਮੁੰਦਰ ਤੇ ਸਾਗਰ ਬੰਦ ਹਨ।

ਫ਼ਾਰਸੀ ਜ਼ਬਾਨ ਅੰਦਰ ਵੀ ਇਸ ਦੇ ਵਿਸ਼ੇਸ਼ ਅਰਥ ਹਨ। ਦਰਅਸਲ ਵਿੱਚ ਰੁੱਬ, ਜਾਂ ਰੁੱਬਾ ਦੇ ਅਰਥ ਵੀ ਬੜੀ ਬੇਨਜ਼ੀਰ ਅਹਿਮੀਅਤ ਰਖਦੇ ਹਨ ਤੇ ਇਹਨਾਂ ਦੇ ਮਾਅਨੀ ਵੀ ਬੜੀ ਉੱਚੇ ਤੇ ਪ੍ਰਭਾਵਸ਼ਾਲੀ ਹਨ। ਇਹਨਾਂ ਦੀ ਭਰਪੂਰਤਾ ਦਾ ਜ਼ਿਕਰ ਇੰਜ ਕਰ ਕੇ ਦਰਸਾਇਆ ਗਿਆ ਹੈ। ਉਦਾਹਰਨ ਦੇ ਤੌਰ ਤੇ ਸਾਜ਼ਾਂ ਨੂੰ ਤੱਕ ਲਈਏ, ਭਾਵੇਂ ਤਾਨਪੂਰਾ, ਮੰਜੀਰਾ, ਸਮਦਰ, ਤਾਊਸ, ਵਾਇਲਨ, ਵੀਨਾ, ਸਿਤਾਰ, ਹੌਨੂਜ, ਸਾਰੰਗੀ ਤੇ ਹੋਰ ਵੀ ਅਨਗਣਿਤ ਸਾਜ਼ ਸੰਸਾਰ ਵਿੱਚ ਮੌਜੂਦ ਹੋਣਗੇ, ਪਰੰਤੂ ਜੋ ਮਾਣ, ਸਤਿਕਾਰ, ਇੱਜ਼ਤ ਤੇ ਅਦਬ ਰਬਾਬ ਤੇ ਦਿਲ-ਰੁਬਾ ਸਾਜ਼ ਨੂੰ ਹਾਸਲ ਹੈ, ਉਹ ਹੋਰ ਸਾਜ਼ਾਂ ਨੂੰ ਐਨਾ ਮਾਣ ਪ੍ਰਾਪਤ ਨਹੀਂ। ਭਾਵੇਂ ਉਪਰ ਲਿਖੇ ਸਾਜ਼ਾਂ ਦੇ ਨਾਂ ਵੀ ਪਿਆਰੇ ਹਨ, ਸ਼ਕਲੋ-ਸ਼ੁਬਾ ਤੋਂ ਵੀ ਸੁੰਦਰ ਹਨ ਤੇ ਲੋਕਾਂ ਦੀ ਵਰਤੋਂ ਵਿੱਚ ਵੀ ਆਮ ਤੌਰ ਤੇ ਦਿਸ ਆਉਂਦੇ ਹਨ। ਮਗਰ ਦਿਲ-ਰੁਬਾ ਵਰਗੀ ਪ੍ਰਮਾਣਿਕ ਨਾਮ ਦੀ ਸਾਂਝ ਕਿਸੇ ਵੀ ਸਾਜ਼ ਨੂੰ ਪ੍ਰਾਪਤ ਨਹੀਂ। ਦਿਲ ਤੇ ਲੁਕਾਈ ਪਾਸ ਹੀ ਹੋ ਸਕਦਾ ਹੈ। ਮਨੁੱਖ ਨੂੰ ਹੀ ਦਿਲ ਵਰਤਨ ਦੇ ਕਈ ਢੰਗ ਅਤਾ ਹੋਏ ਹਨ। ਪਸ਼ੂ-ਪੰਛੀਆਂ ਜੀਵ ਜੰਤਾਂ ਤੋਂ ਉਠ, ਇਕ ਆਦਮੀ ਦੇ ਹਿੱਸੇ ਹੀ ਪ੍ਰਭੂ ਪ੍ਰਮਾਤਮਾ ਦੇ ਮਿਲਣ ਦੀ ਸਾਂਝ ਹਿਸੇ ਆਈ ਹੈ। ਮਕਸਦ ਇਹ ਹੋਇਆ ਕਿ ਜਿਵੇਂ ਆਦਮੀ ਦੀ ਜਾਤ ਬ੍ਰਹਿਮੰਡ ਅੰਦਰ, ਅਫਜ਼ਲ, ਅਹਿਮ, ਤੇ ਵਡੇਰੀ ਗਿਣੀ ਗਈ ਹੈ, ਇਸ ਲਈ ਇਸ ਦਾ ਦਿਲ ਵੀ ਚੰਗੇਰਾ, ਵਡੇਰਾ ਤੇ ਸ਼ਲਾਘਾ-ਭਰਪੂਰ ਹੋਣਾ ਚਾਹੀਦਾ ਹੈ ਅਤੇ ਹੈ ਵੀ, ਕਿਉਂਕਿ ਆਦਮੀ ਸਰਫ-ਉਲ-ਮਖਲੂਕਾਤ ਦੀ ਪਦਵੀ ਦਾ ਮਾਲਿਕ ਹੈ। ਇਸ ਲਈ, ਇਸ ਦੇ ਅਹਿਮ ਦਿਲ ਲਈ ਤਾਕਤ ਵੀ ਰਬਾਬ ਦੀ ਬਲਵਾਨਤਾ ਪਾਸੋਂ ਹੀ ਮਿਲ ਸਕਦੀ ਹੈ। ਜਿਸ ਦੇ ਕਾਰਨ ਮੁਖਫ਼ਫ਼ ਯਾਨੀ ਸੰਖੇਪ

ਕਰ ਕੇ ਸਾਜ਼ ਦੇ ਨਾਂ ਨੂੰ ਆਦਮੀ ਦੇ ਦਿਲ ਜਿੰਨੀ ਮਹਾਨਤਾ ਮਿਲੀ ਤੇ ਨਾਮ ਦਿਲ-ਰੁਬਾ (ਦਿਲ-ਰਬਾਬ) ਰਖਿਆ ਗਿਆ।

ਇਸ ਰੁਬਾਈ ਸ਼ਬਦ ਦੀ ਮਹਾਨਤਾ ਤੇ ਮਹੱਤਤਾ ਸਮੇਂ ਸਮੇਂ ਸਿਰ ਵਧਦੀ ਹੀ ਗਈ। ਪੰਜਾਬੀ ਭਾਸ਼ਾ ਵਿੱਚ ਗੁਰੂ-ਸਾਹਿਬਾਨ ਜੀ ਨੇ, ਇਸ ਸ਼ਬਦ ਨੂੰ ਬੜੀ ਯੋਗ ਇੱਜ਼ਤ ਬਖ਼ਸ਼ੀ ਹੈ। ਬਾਣੀ ਅੰਦਰ, ਚੌਪਦ, ਚੌਪਈ, ਚਾਰ ਪਦੇ, ਚੌਪਦੇ, ਇਹਨਾਂ ਲਫ਼ਜ਼ਾਂ ਦੇ ਅਰਥ, ਚੌਧਰੀ ਵੀ ਹੁੰਦਾ ਹੈ। ਪ੍ਰਧਾਨ ਪਦ ਲਈ ਵੀ ਵਰਤੇ ਜਾਂਦੇ ਹਨ। ਬਾਣੀ ਵਿੱਚ ਇਸ ਦੇ ਮਾਅਨੀ ਹਨ, ਚਾਰ ਕੰਨਾਂ ਵਾਲਾ, ਚਾਰ ਪਹਿਲੂ ਰੱਖਣ ਵਾਲਾ, ਚਾਰ ਦਿਸ਼ਾ ਦਾ ਜਾਦੂ, ਗਿਆਨੀ। ਚਾਰ ਚਰਣ ਲੱਛਣਾਂ ਦਾ ਮਾਲਕ ਯਾਨੀ ਉਹ ਕਾਵਿ-ਰਚਨਾ ਦੇ ਸ਼ਬਦ, ਜਿਸ ਦੇ ਪੜ੍ਹਿਆਂ, ਸੁਣਿਆਂ ਜਾਣਿਆ ਸਮਝਿਆ, ਚਾਰ ਕੂਟਾਂ ਦਾ ਗਿਆਨ ਹਾਸਲ ਹੋ ਜਾਏ, ਚੌਪਦੇ ਦੇ ਇਲਮੀ ਤੇ ਵਿਦਿਅਕ ਅਰਥ ਹਨ, ਜਿਹੜੇ ਸ਼ਬਦ ਵਿੱਚ ਚਾਰ ਤੁਕਾਂ ਹੋਣ, ਯਾਨੀ ਦੋ ਸ਼ੇਅਰ ਅਤੇ ਅਰੰਭਕ ਤੁਕ ਦੇ ਅਰਥ ਚੌਥੀ ਤੁਕ ਦੇ ਅਰਥ ਭੇਦ ਕਰਦੇ ਹੋਣ, ਤੇ ਮਿਲ-ਜੁੜਵੀਂ ਵਿਚਾਰ ਪੇਸ਼ ਕਰਨ, ਉਸ ਨੂੰ ਰੁਬਾਈ, ਜਾਂ ਚੌਪਦੇ ਆਖਿਆ ਜਾਂਦਾ ਹੈ।

ਸੰਸਾਰ ਦੀ ਉਤਪਤੀ, ਕਾਵਿ-ਰਚਨਾ, ਸ਼ਬਦ ਦੀ ਆਵਾਜ਼ ਤੋਂ ਪੈਦਾ ਹੋਈ ਦੱਸਦੇ ਹਨ। ਇਸ ਵਿਸ਼ੇ ਤੇ ਹਰ ਧਰਮ, ਮਜ਼ਹਬ ਤੇ ਈਮਾਨ ਰੱਖਣ ਵਾਲਿਆਂ ਦਾ ਅਕੀਦਾ ਇਕੋ ਹੀ ਹੈ ਅਤੇ ਇਸ ਸ਼ਬਦ ਰਚਨਾ, ਬ੍ਰਹਿਮੰਡ ਦੀ ਉਤਪਤੀ ਵਿੱਚ ਮੂਲ ਕਰ ਕੇ ਜਾਣਿਆ ਹੈ ਅਤੇ ਹਰ ਧਰਮ ਦੇ ਸਿਆਣਿਆਂ ਦੀ ਰਾਇ, ਹਰ ਪਹਿਲੂ ਹਰ ਦ੍ਰਿਸ਼ਟੀਕੋਣ ਤੋਂ ਇਤਫ਼ਾਕ ਰਾਇ ਦਾ ਪ੍ਰਗਟਾਵਾ ਕਰਦੇ ਹਨ। ਮਨੁੱਖ ਦੀ ਗਿਆਤ ਤੋਂ ਇਹ ਗੱਲ ਪਰੇ ਨਹੀਂ, ਕਿ ਜਿਸ ਸਮੇਂ, ਕਿਸੇ ਵੀ ਦੇਸ ਅੰਦਰ ਕਵੀ ਪੈਦਾ ਹੋਏ ਅਤੇ ਜਦ ਵੀ ਉਹਨਾਂ ਨੇ ਪ੍ਰਭੂ ਦੀ ਸਿਫ਼ਤ ਯਾਨੀ ਤੋਸੀਫ਼ੇ ਸਨ ਵਿੱਚ ਲਿਖਿਆ, ਗਾਵਿਆ ਤੇ ਆਉਣ ਵਾਲੇ ਭਵਿੱਖ, ਯਾਨੀ ਮੁਸਤਿਕਬਿਲ ਜ਼ਮਾਨੇ ਲਈ ਕਾਵਿ ਰਚਨਾਵਾ ਉਕਰੀਆਂ, ਆਪਣੇ ਆਪਣੇ ਦੇਸ਼ਾਂ ਦੀਆਂ ਭਾਸ਼ਾਵਾਂ ਤੇ ਜ਼ਬਾਨਾਂ ਅੰਦਰ, ਤਾਂ ਉਹਨਾਂ ਹਸਤੀਆਂ ਨੇ ਆਪਣੀ ਪੁਸਤਕ ਜਿਸ ਨੂੰ 'ਦੀਵਾਨ' ਆਖਿਆ ਜਾਂਦਾ ਹੈ, ਉਸ ਅੰਦਰ ਰੁਬਾਇਆਤ ਅੰਦਰ ਵੱਡੀ ਤੋਂ ਵਡੇਰੀ ਗਲ ਦੇ ਵਿਸਤਾਰ ਨੂੰ ਚਾਰ ਸਤਰਾਂ ਵਿੱਚ ਦਰਸਾਉਣਾ ਹੁੰਦਾ ਹੈ, ਇਸ ਲਈ ਅਤਿ ਤਜ਼ਰਬੇ ਭਰੀ ਸਿਆਣਪ ਦੀ ਲੋੜ ਹੁੰਦੀ ਹੈ। ਦੂਸਰੇ ਫ਼ਿਲਾਸਫੀ ਦਾ ਖੁਲਾਸਾ ਇਸ ਵਿੱਚ ਉਕਰਿਆ ਜਾਣਾ ਚਾਹੀਦਾ, ਇਸ ਲਈ ਰੁਬਾਈ ਲਿਖਣੀ ਕੋਈ ਮਾਮੂਲੀ ਗੱਲ ਨਹੀਂ। ਤੀਸਰੇ ਕਵੀ ਦੀ ਕਾਬਲੀਅਤ ਤੇ ਉਸ ਦੀ ਸ਼ਖ਼ਸੀਅਤ ਇਸ ਅੰਦਰ ਬੰਦ ਹੁੰਦੀ ਹੈ। ਜਿਸ ਦੇ ਕਾਰਨ, ਉਸ ਦਾ ਸਨਮਾਨ, ਆਉਣ ਵਾਲੇ ਸਮੇਂ ਅੰਦਰ ਬਜਾ ਹੁੰਦਾ ਹੈ। ਤੇ ਉਹੋ ਹੀ ਲੋਕ ਪਬਲਿਕ ਦੀਆਂ ਨਜ਼ਰਾਂ ਵਿੱਚ ਇੱਜ਼ਤ, ਅਦਬੋ-ਅਦਾਬ ਦੇ ਸਦੀਵੀ ਪਾਤਰ ਹੁੰਦੇ ਹਨ। ਹੁਣ ਅਸੀਂ ਆਪ ਸੱਜਣਾਂ ਦੀ ਗਿਆਤ ਲਈ ਕੁਝ ਕੁ ਮਕੱਰਮ ਹਸਤੀਆਂ ਦੀ ਆਪ ਜੀ ਦੇ ਨਾਲ ਸਾਂਝ ਪ੍ਰਾਪਤ ਕਰਾਉਣ ਦਾ ਯਤਨ ਕਰਦੇ ਹਾਂ, ਜਿਨ੍ਹਾਂ ਨੇ ਲੰਘੇ ਹੋਏ ਸਮੇਂ ਅੰਦਰ ਸਦੀਆਂ ਪਹਿਲੇ ਨਾਮਣਾ ਪੈਦਾ ਕੀਤਾ ਹੈ।

ਭਾਈ ਸਾਹਿਬ, ਭਾਈ ਨੰਦ ਲਾਲ ਜੀ ਗੋਇਆ, ਖੁਆਜਾ ਹਾਫ਼ਿਜ਼ ਜੀ, ਸ਼ਹਿਰ ਖੇਜ਼ੀ ਸਾਹਿਬ, ਸ਼ੇਖ ਸ਼ਾਦੀ ਜੀ, ਖਾਕਾਨੀ ਸਾਹਿਬ, ਅੱਤਾਰ ਜੀ, ਉਰਫੀ ਸ਼ੀਰਾਜੀ ਸਾਹਿਬ, ਬੇ-ਦਿਲ ਜੀ, ਸਾਇਬ ਤਬਰੇਜ਼ੀ ਜੀ, ਨਰ ਸਦ ਸਾਹਿਬ ਜੀ, ਫਰਾਕ ਉਸਤਾਦ ਜੀ, ਬਾਸ਼ ਸਾਹਿਬ, ਸ਼ਿਵੀ ਮਹਾਰਾਜ ਜੀ, ਮੌਲਾਨਾ ਰੋਮੀ ਜੀ, ਨਜ਼ਾਮੀ ਬਖ਼ਤ ਸਾਹਿਬ, ਜ਼ੋਕੁ ਜੀ, ਸ਼ਾਹ ਮੁਹੰਮਦ ਜੀ, ਮਿਲਖੀ ਸਾਹਿਬ, ਦਾਗ਼ ਸਾਹਿਬ, ਗ਼ਾਲਿਬ ਚਾਚਾ ਜੀ, ਸਰ ਮੁਹੰਮਦ ਇਕਬਾਲ ਜੀ, ਤੁਲਸੀ ਜੀ, ਕਾਲੀ ਦਾਸ ਸਾਹਿਬ, ਵਾਰਦਾ ਜੀ ਸ਼ਾਹ ਮੁਹੰਮਦ ਜੀ, ਭੀਖਾ ਜੀ, ਡਾਕਟਰ ਰਾਬਿੰਦਰ ਨਾਥ ਟੈਗੋਰ ਜੀ, ਇਹ ਹਸਤੀਆਂ ਸੰਸਾਰ ਵਿੱਚ ਉਘੀਆਂ ਹਨ ਜਿਨ੍ਹਾਂ ਨੇ ਰੁਬਾਇਆਤ ਪੇਸ਼ ਕਰ ਸੰਸਾਰ ਭਰ ਦੇ ਮਨੁੱਖ ਸਮਾਜ ਨੂੰ ਉਤਾਹਾਂ ਚੁਕਣ ਦੇ ਉਪਰਾਲੇ ਕੀਤੇ ਹਨ। ਭੀਖਾ ਕਵੀ ਜੀ ਦਾ ਕਾਵਿ ਰਚਨਾ ਦੇ ਬਾਰੇ ਫੁਰਮਾਨ ਹੈ:

ਭੀਖਾ ਇਹ ਬਾਤ ਅਗੰਮ ਕੀ ਕਹਿਣ ਸੁਨਣ ਕੀ ਨਾਹ।
ਜੋ ਜਾਨੇ ਸੁ ਕਹੇ ਨਾਹ, ਜੋ ਕਹੇ ਸੋ ਜਾਨੇ ਨਾਹ।

ਨਸਰ, ਕਵਿਤਾ, ਗੀਤ, ਗ਼ਜ਼ਲ, ਰੁਬਾਇਆਤ, ਸ਼ੇਅਰ, ਕਬਿੱਤ, ਸਵੱਯੇ, ਗਣਰਾਜ ਕਵਿਤਾ, ਟੱਪੇ, ਰੂਹਾਨੀ ਸ਼ਬਦ, ਕੁਆਲੀ, ਇਹ ਤਮਾਮ ਦੇ ਤਮਾਮ ਅਗੰਮੀ ਭੇਦ ਰਖਦੇ ਹਨ, ਇਹਨਾਂ ਦੀ ਸ਼ਲਾਘਾ ਵਿੱਚ ਲਿਖਣ ਲਈ ਉਮਰਾਂ ਚਾਹੀਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਬੀੜ ਵਿੱਚ, ਅੰਤਲੀ, ਸੰਪੂਰਨਤਾ ਦੀ ਮੋਹਰ, ਨੌਵੀਂ ਪਾਤਸ਼ਾਹੀ, ਸ੍ਰੀ ਗੁਰੂ ਤੇਗ਼ ਬਹਾਦਰ, ਹਿੰਦ ਦੀ ਚਾਦਰ ਜੀ ਦੀ ਰੁਬਾਇਆਤ ਨਾਲ ਗੁੰਦੀ ਗਈ ਹੈ। ਆਪ ਦੀਆਂ ਸਨਮਾਨਣ ਯੋਗ, ਵਿਰਾਗ ਮਈ, ਇਲਾਹੀ ਰੰਗਣ ਵਿੱਚ ਅਲਮਸਤੀ ਦਾ ਆਲਮ ਪੈਦਾ ਕਰਨ ਵਾਲੀਆਂ, ਫ਼ਿਲਾਸਫੀ ਭਰਪੂਰ ਸਤਵਿੰਜਾ ਰੁਬਾਇਤਾਂ, ਬੜੇ ਦਰਜੇ ਵਾਰ, ਸੁੰਦਰ ਮਾਣਿਕ ਮੋਤੀਆਂ ਦੀ ਮਾਲਾ ਵਾਂਗ, ਇੱਕ ਅਲੌਕਿਕ ਢੰਗ ਨਾਲ ਅੰਕਿਤ ਕੀਤੀਆਂ ਹੋਈਆਂ ਹਨ। ਪ੍ਰਭੂ ਮਿਲਾਪ ਤੇ ਇਨਸਾਨੀ ਕਰਤਬਾਂ ਦੀ ਪਾਵਨ ਪਵਿੱਤਰਤਾ ਅਮੁੱਕ, ਅਤੁੱਟ ਤੇ ਅਨੰਤ ਵਿਸਮਾਦ ਮਸਤੀ ਦਾ ਭੰਡਾਰ ਹਨ।

ਪਿਛੇ ਜਿਥੇ ਕੁ ਅਸੀਂ ਕਵੀਆਂ ਦਾ ਜ਼ਿਕਰ ਕਰ ਰਹੇ ਸਾਂ, ਉਹਨਾਂ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਨੂੰ 'ਦੀਵਾਨ' ਨਾਮ ਨਾਲ ਲਿਖਤ ਵਿੱਚ ਅੰਕਤ ਕੀਤਾ ਸੀ। ਇਸ ਨਾਮ ਦੀ ਵਿਲੱਖਣਤਾ ਕੀ ਹੈ, ਇਸ ਤੇ ਕੁਝ ਕੁ ਸ਼ਬਦ ਉਲੀਕਦੇ ਹਾਂ, ਤਾਕਿ ਕਾਵਿ-ਰਚਨਾ ਦਾ ਸਹੀ ਮਤਲਬ, ਉਸ ਦੇ ਅਰਥ, ਤੇ ਉਸ ਦੇ ਅਦਬ ਅਸਥਾਨ ਦਾ ਗਿਆਨ ਹਾਸਲ ਹੋ ਜਾਏ। ਕਈ ਵਾਰੀ ਤੇ ਅਕਸਰ ਕਰ ਕੇ, ਕਈ ਬੰਦੇ ਸਾਨੂੰ ਉਹਨਾਂ ਦੇ ਖ਼ੂਬਸੂਰਤ ਨਾਮ ਕਰ ਕੇ ਹੀ ਪਿਆਰੇ ਲੱਗਣ ਲਗ ਪੈਂਦੇ ਹਨ, ਤੇ ਉਹਨਾਂ ਲਈ ਸਤਿਕਾਰ ਪੈਦਾ ਹੋ ਜਾਂਦਾ ਹੈ। ਇੰਝ ਹੀ ਪੁਸਤਕਾਂ ਦੇ ਨਾਮ ਦਾ ਵਿਸ਼ੇਸ਼ਣ ਹੁੰਦਾ ਹੈ। ਦੀਵਾਨ ਸ਼ਬਦ, ਫਾਰਸੀ ਦਾ ਹੈ। ਅਰਥ ਹਨ, ਬਾਦਸ਼ਾਹੀ ਅਦਾਲਤ, ਵਜ਼ੀਰ ਮਸ਼ੀਰਾਂ ਦੇ ਬੈਠਣ ਦੀ ਜਗ੍ਹਾ ਜਾਂ ਕਮਰਾ। ਜਲਸੇ ਮਨਾਉਣ ਦਾ ਕਮਰਾ। ਕਵੀਆਂ ਦੀ ਸਲਾਹ ਮਸ਼ਵਰੇ ਦੀ ਬੈਠਕ। ਸ਼ਾਹੀ ਦਰਬਾਰ, ਜਿੱਥੇ ਵਜ਼ੀਰ, ਮਸ਼ੀਰ ਤੇ ਸਿਆਣਿਆਂ ਨਾਲ ਇਕੱਠੇ ਬੈਠ ਕੇ ਰਿਆਸਤ ਜਾਂ ਸਲਤਨਤ ਅੰਦਰ ਰਹਿੰਦੇ ਲੋਕਾਂ ਦੇ ਬਾਰੇ ਆਰਾਮ ਦੇ ਸਾਧਨ ਸੋਚੇ ਜਾਂਦੇ ਹਨ ਤੇ ਕਈ ਕਿਸਮ ਦੇ ਇੰਤਜ਼ਾਮਾਂ ਤੇ ਵਿਚਾਰਾਂ ਹੁੰਦੀਆਂ ਹਨ। ਜਿੱਥੇ ਇਹ ਵਿਚਾਰ ਵਟਾਂਦਰੇ ਕੀਤੇ ਜਾਂਦੇ ਹਨ, ਉਸ ਕਮਰੇ ਨੂੰ, ਬੈਠਕ ਨੂੰ, ਹਾਲ ਨੂੰ ਦੀਵਾਨ-ਘਰ ਜਾਂ ਦੀਵਾਨ-ਖ਼ਾਨਾ ਆਖਿਆ ਜਾਂਦਾ ਹੈ। ਕਿਉਂ ਜੋ ਉਸ ਜਗ੍ਹਾਂ ਤੇ ਕਈ ਕਿਸਮ ਦੇ ਮੁਆਮਲਿਆਂ ਤੇ ਖ਼ਿਆਲਾਂ ਦਾ ਪ੍ਰਗਟਾਵਾ ਹੁੰਦਾ ਹੈ।

ਇੰਝ ਹੀ ਉਪਰ ਲਿਖੀ ਵਿਚਾਰ ਦੇ ਮੁਤਾਬਿਕ, ਕਵੀ ਜਨ, ਜ਼ਿੰਦਗੀ ਦੇ ਕਈ ਇੱਕ ਪਹਿਲੂਆਂ ਉੱਤੇ ਆਪਣੀਆਂ ਕਾਵਿ ਰਚਨਾਵਾਂ ਦਾ ਸਦਕਾ ਰੋਸ਼ਨੀ ਪਾਉਂਦੇ ਹਨ। ਮਿਸਾਲ ਦੇ ਤੌਰ ਤੇ, ਗ਼ਜ਼ਲ ਅੰਦਰ ਉਦਾਸ ਦਿਲਾਂ ਦੀ ਕਹਾਣੀ ਹੁੰਦੀ ਹੈ। ਗੀਤਾਂ ਅੰਦਰ ਮਨੁੱਖਤਾ ਦੇ ਚਾਅ ਮਲਹਾਰ ਤੇ ਮਿਲਾਪ ਦੀਆਂ ਸਾਂਝਾਂ ਦਾ ਜ਼ਿਕਰ ਹੁੰਦਾ ਹੈ। ਰੁਬਾਇਆਤ ਵਿੱਚ ਲੰਮੇਰੀਆਂ ਦਾਸਾਤਾਨਾਂ ਨੂੰ ਗੁਲਦਸਤੇ ਦੀ ਸ਼ਕਲ ਦਿੱਤੀ ਹੋਈ ਹੁੰਦੀ ਹੈ। ਕਿਤੇ ਮਜ਼ਦੂਰ ਦੇ ਪਸੀਨੇ ਦੀ ਤਸਵੀਰ ਹੁੰਦੀ ਹੈ ਅਤੇ ਕਦੀ ਕਦੀ ਅਮੀਰ ਦੀ ਬੇ-ਇਨਸਾਫ਼ੀ ਦੀ ਖੱਲ ਲਾਹੀ ਹੁੰਦੀ ਹੈ। ਪਿਆਰ ਦੇ ਸੰਦੇਸ਼, ਫਰਾਕ ਦੀਆਂ ਕਸਕਾਂ, ਬੇਵਫਾਈ ਦੇ ਗਿਲੇ, ਜੁਦਾਈ ਦੀਆਂ ਟੀਸਾਂ ਉਕਰੀਆਂ ਹੋਈਆਂ ਹੁੰਦੀਆਂ ਹਨ। ਚੂੰਕਿ ਜ਼ਿੰਦਗੀ ਦੇ ਬਹੁਤ ਤੇ ਕਈ ਇਕ ਪਹਿਲੂਆਂ ਦੀ ਤਹਿਜ਼ੀਬ ਨੂੰ ਦਰਸਾਇਆ ਹੁੰਦਾ ਹੈ, ਇਸ ਲਈ ਜਿਹੜੇ ਕੰਮ ਕਈ ਇੱਕ ਦੀਵਾਨਖ਼ਾਨਿਆਂ 'ਚ ਕੀਤੇ ਜਾਣ ਵਾਲੇ ਹੁੰਦੇ ਹਨ, ਉਹ ਇਕੋ ਹੀ ਪੁਸਤਕ, ਜਾਂ ਕਿਤਾਬ ਨੂੰ ਦੀਵਾਨ ਨਾਮ ਨਾਲ ਸੰਬੋਧਤ ਕੀਤਾ ਜਾਂਦਾ ਹੈ। ਇਹ ਇੱਕ ਉਤਮ ਸਤਿਕਾਰ ਢੰਗ ਹੈ। ਜਿਵੇਂ ਸਿੱਖ ਧਰਮ ਵਿੱਚ, ਪੜ੍ਹਨ ਯੋਗ ਕਵਿਤਾਵਾਂ ਦਾ ਸੰਗ੍ਰਹਿ ਦੀਵਾਨੇ ਗੋਇਆ ਜੀ ਹੈ। ਦੀਵਾਨੇ ਗ਼ਾਲਿਬ, ਦੀਵਾਨੇ ਸ਼ੇਖ ਸਾਅਦੀ ਜੀ, ਵਗ਼ੈਰਾ ਵਗ਼ੈਰਾ। ਇਹ ਹਨ ਦੀਵਾਨ ਨਾਮੀ ਪੁਸਤਕ ਦੀ ਤਾਰੀਫ਼ ਤੇ ਸ਼ਲਾਘਾ ਵਿੱਚ ਚਾਰ ਸ਼ਬਦ, ਜੋ ਅਸੀਂ ਪੇਸ਼ ਕਰ ਰਹੇ ਹਾਂ।

ਪਾਠਕ ਸ਼ਰੇਣੀਆਂ ਦਾ ਧਿਆਨ, ਫਿਰ ਅਸੀਂ ਰਬਾਬ ਦੀ ਚੋਣ ਤੇ ਗੁਰੂ ਸਾਹਿਬ ਦੀ ਕਮਾਲੀਅਤ ਵਲ ਲੈ ਜਾਣਾ ਚਾਹੁੰਦੇ ਹਾਂ। ਅਸੀਂ ਪਿਛੇ ਦੱਸ ਆਏ ਹਾਂ ਕਿ ਲਫ਼ਜ਼ ਰੁੱਬ ਨੇ ਕਿੰਨੀਆਂ ਬਿਹਤਰੀਨ ਸ਼ਾਖਾਂ ਪੈਦਾ ਕੀਤੀਆਂ। ਰੁੱਬ ਤੋਂ, ਰੁੱਬ-ਉਲ-ਆਲਮੀਨ, ਫੇਰ, ਰਬਾਬ ਸਾਜ਼ ਤੇ ਸਾਜ਼ ਦਾ ਨਾਂ ਇਹ ਕਿਉਂ ਸੀ

ਕਿਉਂਕਿ ਦਿਲਾਂ ਦੀ ਮਾਯੂਸੀ ਦਾ ਭਾਰ ਇਸ ਦੀ ਮਧੁਰ ਸੁਰਾਂ ਨਾਲ ਮਨੁੱਖ ਮਨ ਤੋਂ ਲਾਹੁਣਾ ਸੀ, ਇਸ ਲਈ ਤਗ਼ੱਬਰ ਇਨਕਲਾਬ ਲੈ ਆਉਣ ਦੀ ਲੋੜ ਸੀ, ਇਸ ਲਈ ਮਨੁੱਖ ਨੂੰ ਪਹਿਲ ਦਿੱਤੀ ਤੇ ਨਾਮ ਵਿੱਚ ਥੋੜੀ ਜਿਹੀ ਤਬਦੀਲੀ ਲਿਆ, ਦਿਲ-ਰੁਬਾ ਨਾਂ ਰੱਖ ਦਿੱਤਾ ਕਿਉਂ ਜੋ ਸੰਸਾਰ ਭਰ ਦੇ ਅਗੰਮੀ ਇੰਤਜ਼ਾਮ ਤੇ ਕਾਦਰ ਦੀ ਕੁਦਰਤੀ ਤਕਸੀਮ ਤੇ ਵੰਡ ਦੀ ਭਾਲ ਦਿਲ ਨੇ ਕਰਨੀ ਸੀ, ਸੋ ਨਾਮ ਰੱਖਣ ਅੰਦਰ ਦਿਲ ਨੂੰ ਅਫ਼ਜ਼ਲ ਜਾਣ ਮਨੁੱਖੀ-ਦਿਲ ਨੂੰ ਮੋਹਰੀ ਬਣਾ ਦਿੱਤਾ। ਹਕੀਕਤ ਵੀ ਏਸੇ ਵਿੱਚ ਹੀ ਝਲਕ ਮਾਰਦੀ ਹੈ। ਆਖ਼ਰ ਸਾਜ਼ ਦਾ ਕਰਤਾ ਵੀ ਤੇ ਮਨੁੱਖ ਹੀ ਸੀ, ਇਸ ਲਈ ਇਸ ਦਾ ਹਕ ਪਹਿਲੇ ਹੀ ਬਣਦਾ ਸੀ। ਕਿਸੇ ਗੁਮਨਾਮ ਕਵੀ ਨੇ ਕਿੰਨੀ ਨਫੀਸ ਤਸ਼ਰੀਹ ਕੀਤੀ ਹੈ ਇਸ ਦਿਲ ਦੀ, ਫੁਰਮਾਨ ਹੈ:

ਦਿਲ ਹੀ ਡੂਬੇ ਭੀ, ਡੁਬਾਏ ਭੀ, ਬਚਾਏ ਭੀ ਰਸ਼ੀਦ।
ਯੇਹੀ ਦਰਿਯਾ ਹੈ, ਯੇਹੀ ਕਿਸ਼ਤੀ ਹੈ, ਯੇਹੀ ਲੰਗਰ, ਯੇਹੀ ਕਿਨਾਰਾ ਹੈ।

ਗੱਲ ਕੀ ਸੰਸਾਰ ਦਿਲ ਦੀ ਦਲੀਲ ਨਾਲ ਚਲ ਰਿਹਾ ਹੈ, ਅਤੇ ਦਿਲ ਦੇ ਫਲਸਫ਼ੇ ਸੰਸਾਰ ਦੇ ਕਿਰਤਮ ਮੰਡਲ ਅੰਦਰ, ਇੰਝ ਬਿਰਾਜਮਾਨ ਹਨ, ਜਿਵੇਂ ਸਾਜ਼ ਦੀਆਂ ਤਾਰਾਂ ਅੰਦਰ ਰਾਗ ਦੀਆਂ ਅਲਮਸਤ ਧੁਨਾਂ ਛੁਪੀਆਂ ਹੁੰਦੀਆਂ ਹਨ ਤੇ ਫੁੱਲ ਦੀਆਂ ਪੱਤੀਆਂ ਅੰਦਰ ਖ਼ੁਸ਼ਬੂ ਲੁਕੀ ਪਾਈ ਜਾਂਦੀ ਹੈ। ਰਿਸ਼ੀਆਂ ਮੁਨੀਆਂ ਤੇ ਵਿਦਾਂਤੀਆਂ ਨੇ, ਕੁਦਰਤ ਨੂੰ ਇੱਕ ਯੂਨੀਵਰਸਲ ਦਿਲ ਕਰ ਕੇ ਦਰਸਾਇਆ ਹੈ ਤੇ ਉਸ ਊਚੇ ਅਪਾਰ ਦਿਲ, ਯਾਨੀ ਬੇਅੰਤ ਸੁਆਮੀ ਦੇ ਅਥਾਹ ਦਿਲ ਪਾਸੋਂ ਇਹ ਮਨੁੱਖ ਦਿਲ ਥੋੜੀ ਥੋੜੀ ਤਾਕਤ ਲੈ ਵੱਖਰਾ ਵੱਖਰਾ ਗਿਆਨ ਪ੍ਰਾਪਤ ਕਰਦਾ ਹੈ। ਇਹ ਇਕ ਮੰਨੀ-ਪ੍ਰਮੰਨੀ ਸਾਇੰਟਿਫਿਕ ਹਕੀਕਤ ਹੈ।

ਰਬਾਬ, ਈਰਾਨੀ ਸਾਜ਼ ਹੈ, ਤੇ ਇਹ ਖਿਰਾਜ਼ ਦੀ ਤੰਦ ਜੋ ਕਿ ਰੇਸ਼ਮ ਦੀ ਹੁੰਦੀ ਹੈ, ਉਸ ਨਾਲ ਬਾਕੀ ਦੀਆਂ ਤਾਰਾਂ ਨੂੰ ਸੁਰ ਵਿੱਚ ਵਜਾਈਦਾ ਹੈ। ਇਸ ਦੇ ਵਜਾਉਣ ਲਈ ਉਂਗਲੀ ਤੇ ਮਿਜ਼ਰਾਬ ਨਾਮੀ ਅੰਗੂਠੀ ਪਹਿਨਣੀ ਪੈਂਦੀ ਹੈ। ਰੱਬਾਬ ਸ਼ਬਦ ਦੇ ਅਰਥ ਵੀ ਹੈਰਾਨਕੁਨ ਫ਼ਲਸਫੇ ਦੇ ਖਜ਼ਾਨੇ ਹਨ। ਜੇ ਪਹਿਲੇ ਦੋ ਅਖਰ ਲੈ ਲਈਏ ਤਾਂ ਰੱਬ, ਸ਼ਬਦ ਬਣ ਜਾਂਦਾ ਹੈ। ਰੱਬ ਲਫ਼ਜ਼ ਤੇ ਅੱਧਕ ਹੋਣ ਦੇ ਕਾਰਨ ਬੱਬਾ ਅੱਖਰ ਦੋਹਰੀ ਆਵਾਜ਼ ਦਿੰਦਾ ਹੈ। ਤੇ ਜੇ ਰਾਰੇ ਨੂੰ ਵੱਖ ਕਰ ਦਈਏ ਤਾਂ ਲਫਜ਼ ਬਾਬ ਰਹਿ ਜਾਂਦਾ ਹੈ। ਇਹ ਲਫ਼ਜ਼ ਫ਼ਾਰਸੀ ਦਾ ਹੈ। ਇਸ ਦੇ ਮਾਅਨੇ ਹਨ, ਬਾਬਤ, ਕਿਸੇ ਲਈ, ਦਰਬਾਰ, ਦਰਵਾਜ਼ਾ, ਸਮਾਂ, ਵਕਤ। ਕਿੰਨੇ ਸੁੰਦਰ ਅਰਥ ਹਨ। ਰਬਾਬ ਦੀ ਧੁੰਨ ਰਾਹੀਂ ਕੀਰਤਨ ਕਰਨ ਵਾਲੇ ਲਈ, ਰੱਬ ਦੇ ਦਰਬਾਰ ਦਾ ਦਰਵਾਜ਼ਾ ਹਮੇਸ਼ਾ ਲਈ ਖੁੱਲ੍ਹਾ ਰਹਿੰਦਾ ਹੈ ਅਤੇ ਐ ਮਨੁੱਖ ਤੂੰ ਕਿਸੇ ਦੀ ਬੈਹਬੂਦੀ ਲਈ, ਭਲੇ ਵਾਸਤੇ, ਕਿਸੇ ਲਈ ਕੀਰਤਨ ਕਰ ਕੇ ਸੁਣਾ ਤਾਕਿ ਸੁਨਣ ਵਾਲੇ ਲਈ ਵੀ, ਪ੍ਰਭੂ ਦਰਬਾਰ ਦੇ ਇਲਾਹੀ ਚੌਖਟ ਦੇ ਦਰਵਾਜ਼ੇ ਖੁਲ੍ਹ ਜਾਣ ਤੇ ਉਸ ਨੂੰ ਵੀ ਜੰਨਤ ਦੇ ਸ਼ਾਂਤਮਈ ਦਰਸ਼ਨ ਹਾਸਲ ਹੋ ਜਾਣ। ਸੋ ਇਸ ਸਾਜ਼ ਦੇ ਨਾਮ ਦੇ ਕਿੰਨੇ ਚੰਗੇ ਅਰਥ ਨਿਕਲਦੇ ਹਨ। ਇਹ ਵਜਾਉਣ ਵਾਲੇ ਤੇ ਸੁਨਣ ਵਾਲਿਆਂ ਲਈ ਇਕੋ ਜਿਹੀ ਸਾਂਝ ਪ੍ਰਗਟ ਕਰਦਾ ਹੈ। ਇਹੀ ਇੱਕ ਅਫਜ਼ਲ ਕਾਰਨ ਤੇ ਵਜਾ ਸੀ ਕਿ ਗੁਰੂ ਬਾਬੇ ਨਾਨਕ ਦੇਵ ਜੀ ਨੇ ਇਸ ਸਾਜ਼ ਨੂੰ ਆਪਣੀ ਚੋਣ ਬਣਾਇਆ। ਇਲਾਵਾ ਇਸ ਦੇ ਇੱਕ ਹੋਰ ਡੂੰਘੇ ਰਾਜ਼ ਦੀ ਗੱਲ ਸੀ, ਉਹ ਇਹ ਕਿ ਆਪ ਜੀ ਨੇ ਇੱਕ ਨੂਰ ਤੇ ਸਭ ਜੱਗ ਉਪਜਿਆ ਦਾ ਪ੍ਰਚਾਰ ਲੋਕਾਈ ਦੇ ਹਿਰਦਿਆਂ ਵਿੱਚ ਵਸਾਉਣਾ ਸੀ, ਤੇ ਉਸ ਸਮੇਂ ਦੇ ਧਰਮ ਇਸਲਾਮ ਵਿੱਚ ਸੰਗੀਤ ਦੀ ਪੂਰੀ ਇੱਜ਼ਤ ਨਹੀਂ ਸੀ। ਸੋ ਉਹਨਾਂ ਇਰਾਨ ਦਾ ਸਾਜ਼ ਇਸ ਲਈ ਲਿਆ ਤਾ ਕਿ ਇਲਮੀ, ਵਿਦਿਅਕ ਹੁਨਰ ਤੇ ਆਰਟਿਸਟਕ ਸਾਂਝ ਸਾਜ਼ ਕਰ ਕੇ ਪੈ ਜਾਵੇਗੀ, ਤਾਂ ਪ੍ਰਚਾਰ ਢੰਗ ਛੇਤੀ ਹੀ ਮੁਤਾਸਰ ਹੋ ਜਾਵੇਗਾ।

ਕਈ ਵਾਰੀ ਇਹ ਵੇਖਣ ਵਿੱਚ ਆਇਆ ਹੈ ਕਿ ਜੇ ਕੋਈ ਗ਼ੈਰ ਮਜ਼ਹਬ ਦਾ ਗੁਰੂ ਘਰ ਵਿੱਚ ਆ ਕੇ ਆਪਣੇ ਗੁਰੂ ਸਾਹਿਬਾਨ ਦੇ ਮੁਤੱਲਕ ਚੰਗੇਰੀ ਸੂਝ ਪੇਸ਼ ਕਰੇ, ਤਾਂ ਆਪ ਦੇ ਮਨ ਵਿੱਚ ਦੋ ਸੁਆਲ ਪੈਦਾ ਹੋ ਜਾਣਗੇ, ਇਕ ਤੇ ਇਹ ਕਿ ਗ਼ੈਰ ਮਜ਼ਹਬ ਦੇ ਹੋਣ ਕਾਰਨ ਸਾਡੇ ਧਰਮ ਦੀ ਗੱਲ ਕਰਦਾ ਹੈ, ਇਸ ਲਈ ਕਿ ਸਾਡੇ ਧਰਮ ਵਿੱਚੋਂ ਇਸ ਨੂੰ ਜ਼ਰੂਰ ਕੋਈ ਨਾ ਕੋਈ ਗਲ, ਆਪਣੇ ਧਰਮ ਫ਼ਲਸਫੇ ਨਾਲੋਂ ਚੰਗੀ ਲੱਗੀ ਹੋਵੇਗੀ। ਦੂਸਰੇ ਉਸ ਬੰਦੇ ਨੂੰ ਅਸੀਂ ਇਸ ਲਈ ਪਿਆਰ ਤੇ ਇੱਜ਼ਤ ਦੀ ਨਿਗ੍ਹਾ ਨਾਲ

ਤੱਕਾਂਗੇ ਕਿ ਇਸ ਅੰਦਰ, ਸ਼ਰੀਕਤ, ਕੀਨਾ ਤੇ ਬੁਗਜ਼ ਨਹੀਂ ਤੇ ਅਜਿਹਾ ਵਰਤਾਉ ਹਰ ਧਰਮ ਵਾਲੇ ਇੱਕ ਦੂਸਰੇ ਨੂੰ ਅਕਸਰ ਪੇਸ਼ ਕਰਦੇ ਸੰਸਾਰ ਵਿੱਚ ਦੇਖੇ ਜਾਂਦੇ ਹਨ। ਸੋ ਕਿਸੇ ਮੁਲਕ ਦਾ ਸਾਜ਼ ਹੋਣਾ, ਉਸ ਦੇ ਅਛੇ ਵਜੰਤਰੀ ਹੋਣਾ ਤੇ ਉਪਰੰਤ ਖੁਦਾਵੰਦ ਤੁਆਲਾ ਦੀ ਹਮਦੋ-ਸਨਾਹ ਅੰਦਰ ਕੀਰਤਨ ਕਰਨਾ, ਇਹ ਸਭ ਕੁਝ, ਸੁਤੇ ਸਿਧ ਹੀ ਸਤਿਕਾਰ ਦਾ ਭਾਗੀ ਬਣਾ ਦਿੰਦਾ ਹੈ ਅਤੇ ਬਾਬੇ ਜੀ ਨਾਲ, ਅਰਬ ਦੇਸ਼ ਅੰਦਰ ਹੋਇਆ ਵੀ ਇੰਝ ਹੀ। ਰੱਜ ਕੇ ਅਦਬ ਤੇ ਸਤਿਕਾਰ ਹੋਇਆ, ਮਾਣ ਤੇ ਮਹਿਮਾਨ ਨਵਾਜੀ ਵੀ ਕਮਾਲ ਦੀ ਹਾਸਲ ਹੋਈ। ਰੱਬਾਬ ਦੇ ਫਿਆਜ਼ੁਲ ਫਿਆਜ਼, ਬਾਬੇ ਨਾਨਕ ਦੇਵ ਜੀ ਨੂੰ, ਪੀਰਾਨੇ ਪੀਰ, ਦਸਤਗੀਰ ਦਾ ਖ਼ਿਤਾਬ ਅਰਬ ਤੇ ਈਰਾਨ ਵਾਸੀਆਂ ਨੇ ਦਿੱਤਾ। ਆਪ ਦੀ ਇੱਜ਼ਤ ਦੇ ਸਨਮਾਨ ਵਿੱਚ ਈਰਾਨ ਦੇ ਮਹਾਂ ਕਵੀ ਨੇ ਸ਼ੇਅਰ ਲਿਖ ਕੇ ਪੇਸ਼ ਕੀਤਾ। ਬਾਬੇ ਜੀ ਦੇ ਰੱਬਾਬੀ ਨੂੰ ਰੱਬ ਜਿੱਡਾ ਮਾਣ ਪ੍ਰਾਪਤ ਹੋਇਆ। ਇਹ ਉੱਤਮ ਕਾਰਨ ਇਸ ਰਬਾਬ ਦੀ ਚੋਣ ਵਿੱਚ ਕੰਮ ਕਰ ਰਿਹਾ ਸੀ। ਸ਼ਾਇਰ ਦਾ ਫੁਰਮਾਨ ਬਾਬੇ ਜੀ ਦੇ ਬਾਰੇ ਇੰਝ ਕਰ ਕੇ ਹੈ:

ਬੁਅੱਦ ਨਾਨਕ ਆਰਫੇ ਮਰਦੇ ਖ਼ੁਦਾ।
ਰਾਜ਼ ਹਾਏ ਮਾਰਫ਼ਤ ਜ਼ਿਹ ਰਾਹ ਹੇ ਕੁਸ਼ਾ।
ਲੇਕਿਨ ਈਂ ਮਰਦੇ ਖੁਦਾ ਐਹਲੇ ਸਫ਼ਾ।
ਕਰਦ ਕੌਮ ਕਰਦ ਹਾਏ ਜ਼ਾਹਿਰ ਹਾਂ।

ਬਜ਼ੁਰਗ ਬਾਬਾ ਨਾਨਕ, ਖ਼ੁਦਾਵੰਦ ਤੁਆਲਾ ਦੇ ਭੇਦ ਦੇ ਰੂਹਾਨੀ ਸਾਰੇ ਰਾਜ਼ਾਂ ਨੂੰ ਇੰਝ ਜਾਣਦਾ ਹੈ, ਜਿਵੇਂ ਆਪ ਖੁਦਾ ਹੁੰਦਾ ਏ, ਤੇ ਅਜਿਹਾ ਸਿਫ਼ਤਾਂ ਨਾਲ ਭਰਪੂਰ ਅਜ ਤਕ ਕੋਈ ਮਰਦ ਵੇਖਣ ਵਿੱਚ ਨਹੀਂ ਆਇਆ ਤੇ ਇੰਝ ਭਾਸਦਾ ਏ ਅਤੇ ਯਕੀਨ ਹੈ ਕਿ ਇਹ ਬਾਬਾ ਨਾਨਕ, ਇਕ ਅਜਿਹੀ ਕੌਮ ਪੈਦਾ ਕਰੇਗਾ, ਜੋ ਸਹੀ ਮਾਅਨਿਆਂ ਵਿੱਚ ਪੂਰਨ ਮਰਦ ਹੋਣਗੇ ਤੇ ਇਨਸਾਨੀਅਤ ਉਹਨਾਂ ਦਾ ਧਰਮ ਹੋਵੇਗਾ। ਕਿੰਨਾ ਮਾਣ ਆਪ ਨੂੰ ਮਿਲਿਆ, ਬਿਆਨ ਤੋਂ ਬਾਹਰ ਹੈ। (ਸਾਰੰਦਾ ਤੇ ਸਮਾਧੀ)

---

# ਆਸਾ ਦੀ ਵਾਰ ਦਾ ਸੰਗੀਤਕ ਅਧਿਐਨ

**ਡਾ ਜਾਗੀਰ ਸਿੰਘ**

ਪੰਜਾਬ ਵਿੱਚ ਵਾਰਾਂ ਗਾਉਣ ਦਾ ਸਿਲਸਿਲਾ ਬਹੁਤ ਪਰਾਣਾ ਹੈ। ਪੁਰਾਣੇ ਸੂਰਬੀਰ ਬਹਾਦਰਾਂ ਨੇ ਜਿਹੜੇ ਵੀਰਤਾਪੂਰਨ ਕਾਰਨਾਮੇ ਕੀਤੇ ਉਨ੍ਹਾਂ ਦੇ ਆਧਾਰ ਤੇ ਕਵੀਆਂ ਨੇ ਵਾਰਾਂ ਰਚੀਆਂ ਤੇ ਢਾਡੀਆਂ ਨੇ ਗਾਈਆਂ, ਜਿਨ੍ਹਾਂ ਨੂੰ ਸੁਣ ਕੇ ਲੋਕਾਂ ਦੇ ਮਨ ਵਿੱਚ ਉਤਸਾਹ ਭਰਦਾ ਰਿਹਾ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵਾਰਾਂ ਉਪਰ ਉਨ੍ਹਾਂ ਨੂੰ ਗਾਉਣ ਲਈ ਨੌਂ ਵਿਸ਼ੇਸ਼ ਵਾਰਾਂ ਦੀਆਂ ਧੁਨੀਆਂ ਦਾ ਜ਼ਿਕਰ ਮਿਲਦਾ ਹੈ:

1. ਵਾਰ ਮਾਝ ਕੀ ਤਥਾ ਸਲੋਕ ਮਹਲਾ ਪਹਿਲਾ
   ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆਂ ਕੀ ਧੁਨੀ ਗਾਵਣੀ।
2. ਗਉੜੀ ਕੀ ਵਾਰ ਮਹਲਾ ਪੰਜਵਾਂ
   ਰਾਇ ਕਮਾਲ ਦੀ ਮੌਜ ਦੀ ਕੀ ਵਾਰ ਕੀ ਧੁਨਿ ਉਪਰ ਗਾਵਣੀ।
3. ਆਸਾ ਮਹਲਾ ਪਹਿਲਾ। ਵਾਰ ਸਲੋਕਾਂ ਨਾਲ, ਸਲੋਕ ਭੀ ਮਹਲੇ ਕੇ ਲਿਖੇ
   ਟੂੰਡੇ ਅਸਰਾਜੇ ਕੀ ਧੁਨੀ।
4. ਗੂਜਰੀ ਕੀ ਵਾਰ ਮਹਲਾ ਤੀਜਾ
   ਸਿਕੰਦਰ ਬਰਾਹਿਮ ਕੀ ਵਾਰ ਕੀ ਧੁਨੀ ਗਾਉਣੀ।
5. ਵਡਹੰਸ ਕੀ ਵਾਰ ਮਹਲਾ ਚਉਥਾ
   ਲਲਾ ਬਹਿਲੀਆਂ ਕੀ ਧੁਨਿ ਗਾਵਣੀ।

6. ਰਾਮਕਲੀ ਕੀ ਵਾਰ ਮਹਲਾ ਤੀਜਾ
ਜੋਧੇ ਵੀਰੇ ਪੂਰਬਾਣੀ ਕੀ ਧੁਨੀ
7. ਸਾਰੰਗ ਕੀ ਵਾਰ ਮਹਲਾ ਚਉਥਾ
ਰਾਇ ਮਹਮੇ ਹਸਨੇ ਕੀ ਧੁਨੀ।
8. ਵਾਰ ਮਲਾਰ ਕੀ ਮਹਲਾ ਪਹਿਲਾ
ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨੀ।
9. ਕਾਨੜੇ ਦੀ ਵਾਰ ਮਹਲਾ ਚਉਥਾ ਮੂਸੇ ਕੀ ਵਾਰ ਕੀ ਧੁਨੀ।

ਇਹ ਧੁਨੀਆਂ ਵਾਲੀਆਂ ਵਾਰਾਂ ਸਮੇਂ ਦੀ ਧੂੜ ਵਿੱਚ ਗੁਆਚ ਗਈਆਂ ਹਨ, ਪਰ ਕੁਝ ਕੁ ਪਉੜੀਆਂ ਅਜੇ ਵੀ ਮਿਲਦੀਆਂ ਹਨ ਜਿਨ੍ਹਾਂ ਦੇ ਆਧਾਰ ਤੇ ਵਿਦਵਾਨਾਂ ਨੇ ਗੁਰੂ ਸਾਹਿਬਾਨ ਦੀਆਂ ਵਾਰਾਂ ਧੁਨੀਆਂ ਵਾਲੀਆਂ ਵਾਰਾਂ ਅਨੁਸਾਰ ਗਾਉਣ ਦੇ ਸੰਕੇਤ ਦਿੱਤੇ ਹਨ। ਗੁਰੂ ਸਾਹਿਬਾਨ ਦੀਆਂ ਸਾਰੀਆਂ ਵਾਰਾਂ ਵਿੱਚੋਂ ਆਸਾ ਦੀ ਵਾਰ ਦਾ ਗਾਇਨ ਸਭ ਤੋਂ ਵਧ ਹੋਇਆ ਹੈ। ਇਸ ਵਾਰ ਦੇ ਗਾਉਣ ਬਾਰੇ ਥਾਂ ਪਰ ਥਾਂ ਹਵਾਲੇ ਵੀ ਮਿਲਦੇ ਹਨ।

ਇਸ ਵਾਰ ਦਾ ਗਾਇਨ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਆਰੰਭ ਹੋ ਗਿਆ ਸੀ। ਭਾਈ ਮਨੀ ਸਿੰਘ ਜੀ ਕਰਤਾਰਪੁਰ ਦੇ ਨਿਤਨੇਮ ਬਾਰੇ ਲਿਖਦਿਆਂ ਦਸਦੇ ਹਨ:

ਕਰਤਾਰਪੁਰ ਵਿਖੇ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਫੇਰ ਆਰਤੀ ਪੜ੍ਹੀਏ। ਤੀਸਰੇ ਪਹਿਰ ਕੀਰਤਨ ਕਰੀਏ। ਸੰਧਿਆ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਈਏ, ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਪਿਛਲੀ ਰਾਤ ਜਪ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।

ਇਹੀ ਨਿਤਨੇਮ ਬਾਕੀ ਗੁਰੂ ਸਾਹਿਬਾਨ ਵੇਲੇ ਵੀ ਜਾਰੀ ਰਿਹਾ। ਗੁਰੂ ਰਾਮਦਾਸ ਜੀ ਦੇ ਨਿਤਨੇਮ ਦੀ ਚਰਚਾ ਕਰਨ ਵੇਲੇ ਗਿਆਨੀ ਗਿਆਨ ਸਿੰਘ ਜੀ ਨੇ ਆਸਾ ਦੀ ਵਾਰ ਦਾ ਜ਼ਿਕਰ ਵੀ ਕੀਤਾ ਹੈ। ਆਪ ਲਿਖਦੇ ਹਨ:

ਇਹ ਗੁਰੂ ਜੀ ਭੀ ਪਿਛਲੇ ਗੁਰੂਆਂ ਵਾਂਗ ਨਿਤ ਸਵਾ ਪਹਿਰ ਦੇ ਤੜਕੇ ਸੋਚ ਇਸ਼ਨਾਨ ਕਰ ਆਤਮਾ ਪਰਮਾਤਮਾ ਦੇ ਸਰੂਪ ਵਿੱਚ ਮਨ ਜੋੜ ਕੇ ਤਾੜੀ ਲਾ ਬੈਠਦੇ। ਪਹੁ ਫੁਟੀ ਤੇ ਸਭਾ ਵਿੱਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਜੋ ਸੱਤਾ ਬਲਵੰਡ ਕਰਿਆ ਕਰਦੇ।

ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਖਾਸ ਮਰਿਆਦਾ ਕਾਇਮ ਕਰ ਦਿੱਤੀ ਜਿਸ ਅਧੀਨ ਉਥੇ ਕੀਰਤਨ ਦੀਆਂ ਚਾਰ ਚੌਕੀਆਂ ਬਣਾਈਆਂ ਗਈਆਂ, ਪਹਿਲੀ ਚਉਕੀ ਆਸਾ ਦੀ ਵਾਰ ਦੇ ਕੀਰਤਨ ਦੀ ਹੈ। ਇਹ ਮਰਿਆਦਾ ਅਜੇ ਤੱਕ ਹਰਿਮੰਦਰ ਸਾਹਿਬ ਅਤੇ ਹੋਰ ਗੁਰ ਅਸਥਾਨਾਂ ਤੇ ਨਿਰੰਤਰ ਚਲ ਰਹੀ ਹੈ। ਭਾਵੇਂ ਸਾਰੀਆਂ ਚੋਕੀਆਂ ਦਾ ਕੀਰਤਨ ਕਈ ਅਸਥਾਨਾਂ ਤੇ ਨਹੀਂ ਹੁੰਦਾ ਪਰ ਆਸਾ ਦੀ ਵਾਰ ਦਾ ਕੀਰਤਨ ਜ਼ਰੂਰ ਕੀਤਾ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਭਾਈ ਸਦੂ ਅਤੇ ਭਾਈ ਮਦੂ ਦੇ ਆਸਾ ਦੀ ਵਾਰ ਦੇ ਗਾਉਣ ਦਾ ਜ਼ਿਕਰ ਖਾਸ ਤੌਰ ਤੇ ਕੀਤਾ ਜਾਂਦਾ ਹੈ–

ਸਦੂ ਮਦੂ ਆਸਾ ਵਾਰ।
ਕੀਰਤਨ ਕਰਤੇ ਰਾਗ ਸੁਧਾਰ।

### ਆਸਾ ਦੀ ਵਾਰ ਦਾ ਸਰੂਪ

ਇਸ ਵਾਰ ਦੀਆਂ 24 ਪਉੜੀਆਂ ਹਨ। ਇਨ੍ਹਾਂ ਪਉੜੀਆਂ ਨਾਲ 60 ਸਲੋਕ ਹਨ, ਜਿਨ੍ਹਾਂ ਵਿੱਚੋਂ 15 ਸਲੋਕ ਗੁਰੂ ਅੰਗਦ ਦੇਵ ਜੀ ਦੇ ਹਨ ਬਾਕੀ ਸਾਰੇ ਸਲੋਕ ਗੁਰੂ ਨਾਨਕ ਦੇਵ ਜੀ ਦੇ ਰਚੇ ਹੋਏ ਹਨ। ਜਿੱਥੋਂ ਤੱਕ ਇਸ ਵਾਰ ਨੂੰ ਗਾਏ ਜਾਣ ਦਾ ਸੰਬੰਧ ਹੈ। ਇਹ ਵਾਰ ਢਾਡੀਆਂ ਰਾਹੀਂ ਹੁਣ ਨਹੀਂ ਗਾਈ ਜਾਂਦੀ। ਅੱਜ ਕੱਲ ਇਸ ਨੂੰ ਰਾਗੀ ਗਾਉਂਦੇ ਹਨ। ਇਸ ਦੀ ਗਾਇਨ ਸ਼ੈਲੀ ਕੁਝ ਕੁਝ ਯੂਨਾਨੀ ਕਾਵਿ ਭੇਦ 'ਓਡ' ਗਾਉਣ ਵਾਲਿਆਂ ਨਾਲ ਮਿਲਦੀ ਹੈ। 'ਓਡ' ਬਾਰੇ ਪ੍ਰਿੰਸੀਪਲ ਤੇਜਾ ਸਿੰਘ ਜੀ ਦਸਦੇ ਹਨ ਕਿ

ਇਸ ਨੂੰ ਖਲੋ ਕੇ ਦੋ ਬੰਦੇ ਗਾਉਂਦੇ ਹਨ ਤੇ ਉਨ੍ਹਾਂ ਕੋਲ ਵੀ ਸਾਡੇ ਢਾਡੀਆਂ ਦੀ ਢੱਡ ਸਾਰੰਗੀ ਵਰਗੇ ਸਾਜ਼ ਹੁੰਦੇ ਹਨ। ਓਡ ਵਿੱਚ ਤਿੰਨ ਭਾਗ ਹੁੰਦੇ ਹਨ- ਇੱਕ ਸਟਰਾਫ਼ੀ, ਦੂਜਾ ਐਂਟੀ ਸਟਰਾਫੀ ਅਤੇ ਤੀਜਾ ਈਪੋਡ। ਈਪੋਡ ਨੂੰ ਦੋਵੇਂ ਰਲ ਕੇ ਗਾਉਂਦੇ ਹਨ। ਪੰਜਾਬ ਦਾ ਵਾਰ ਕਾਵਿ ਰੂਪ ਵੀ ਕੁਝ ਇਸੇ ਵਿਧੀ ਅਨੁਸਾਰ ਗਾਇਨ ਕੀਤਾ ਜਾਂਦਾ ਹੈ।ਭਾਵੇਂ ਅੱਜਕਲ ਢਾਡੀ ਇਸ ਤਰ੍ਹਾਂ ਨਹੀਂ ਗਾਉਂਦੇ ਪਰ ਵਾਰ ਗਾਇਨ ਦਾ ਇਹ ਰੂਪ ਰਾਗੀਆਂ ਵਿੱਚ ਅਜੇ ਵੀ ਪ੍ਰਚਲਤ ਹੈ। ਖਾਸ ਕਰਕੇ ਆਸਾ ਦੀ ਵਾਰ ਤਾਂ ਬਿਲਕੁਲ ਇਸੇ ਤਰ੍ਹਾਂ ਗਾਈ ਜਾਂਦੀ ਹੈ। ਸਲੋਕਾਂ ਦਾ ਗਾਇਨ ਵੱਖ ਵੱਖ ਰਾਗੀ ਗਾਇਨ ਕਰਦੇ ਹਨ ਪਰ ਪਉੜੀ ਨੂੰ ਸਾਰੇ ਰਲ ਕੇ ਗਾਉਂਦੇ ਸਨ। ਸ਼ਾਇਦ ਗੁਰੂ ਸਾਹਿਬਾਨ ਨੇ ਇਸੇ ਲਈ ਵਾਰਾਂ ਨਾਲ ਸਲੋਕਾਂ ਦੀ ਰਚਨਾ ਕੀਤੀ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਪਹਿਲਾਂ ਵਾਰਾਂ ਨਾਲ ਸਲੋਕ ਨਹੀਂ ਹੁੰਦੇ ਸਨ। ਬੀਰ ਰਸੀ ਵਾਰਾਂ ਸਲੋਕ ਵਿਹੂਣੀਆਂ ਸਨ। ਸਲੋਕਾਂ ਦਾ ਰਿਵਾਜ ਅਧਿਆਤਮਕ ਵਾਰਾਂ ਨਾਲ ਹੀ ਪ੍ਰਚਲਿਤ ਹੋਇਆ ਹੈ। ਗਿਆਨੀ ਹੀਰਾ ਸਿੰਘ 'ਦਰਦ' ਦਸਦੇ ਹਨ ਕਿ ਪੁਰਾਣੀਆਂ ਬੀਰ ਰਸੀ ਵਾਰਾਂ ਸਭ ਪਉੜੀਆਂ ਵਿੱਚ ਹਨ। ਕਈ ਥਾਈਂ ਵਾਰ ਨੂੰ ਪਉੜੀ ਵੀ ਆਖਿਆ ਗਿਆ ਹੈ। ਸੱਤੇ-ਬਲਵੰਡ ਦੀ ਵਾਰ ਪਉੜੀਆਂ ਵਿੱਚ ਹੈ। ਪਰ ਗੁਰੂ ਸਾਹਿਬਾਨ ਦੀਆਂ ਹੋਰ ਵਾਰਾਂ ਨਾਲ ਸਲੋਕ ਵੀ ਦਰਜ ਹਨ। ਏਸ ਦਾ ਕਾਰਣ ਇਹ ਹੈ ਕਿ ਉਸ ਸਮੇਂ ਰਾਗੀ ਵਾਰਾਂ ਦਾ ਵੱਖ-ਵੱਖ ਰਾਗਾਂ ਵਿੱਚ ਕੀਰਤਨ ਕਰਦੇ ਸਨ। ਕੀਰਤਨ ਸਮੇਂ ਪਉੜੀਆਂ ਦੀ ਵਿਆਖਿਆ ਕਰਨ ਲਈ ਉਹ ਗੁਰੂ ਸਾਹਿਬਾਨ ਦੇ ਸਲੋਕ ਵੀ ਨਾਲ ਪੜ੍ਹਦੇ ਸਨ। ਇਹ ਸਾਰੇ ਰਾਗੀ ਵਿਦਵਾਨ ਨਹੀਂ ਸਨ ਹੁੰਦੇ। ਉਹ ਕਈ ਵੇਰ ਕਿਸੇ ਪਉੜੀ ਨਾਲ ਅਣਢੁੱਕਵੇਂ ਸਲੋਕ ਵੀ ਪੜ੍ਹ ਦਿੰਦੇ ਸਨ। ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿਆਰੀ ਸਮੇਂ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਂ ਦੀਆਂ ਵਾਰਾਂ ਨਾਲ ਢੁਕਵੇਂ ਸਲੋਕ ਦਰਜ ਕਰ ਦਿੱਤੇ।

ਆਸਾ ਦੀ ਵਾਰ ਨਾਲ ਕੇਵਲ ਸਲੋਕ ਹੀ ਨਹੀਂ ਸਗੋਂ ਗੁਰੂ ਰਾਮਦਾਸ ਜੀ ਦੇ ਛੰਤ ਵੀ ਗਾਏ ਜਾਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਦਾ ਵਿਚਾਰ ਹੈ ਕਿ ਛਕੇ ਛੰਤਾਂ ਨੂੰ ਆਸਾ ਦੀ ਵਾਰ ਨਾਲ ਗਾਉਣ ਦੀ ਰੀਤ ਗੁਰੂ ਅਰਜਨ ਦੇਵ ਜੀ ਨੇ ਤੋਰੀ। ਅੱਜ ਕੱਲ ਰਾਗੀ ਛਕੇ ਛੰਤਾਂ ਦੇ ਨਾਲ ਮਿਲਦੇ ਜੁਲਦੇ ਭਾਵ ਵਾਲੇ ਸ਼ਬਦ ਵੀ ਗਾਇਨ ਕਰਨ ਲੱਗ ਪਏ ਹਨ। ਇੰਜ ਆਸਾ ਦੀ ਵਾਰ ਦੇ ਕੀਰਤਨ ਦਾ ਘੇਰਾ ਵਿਸ਼ਾਲ ਹੋ ਗਿਆ ਹੈ ਤੇ ਕੋਈ ਸਿਆਣਾ ਰਾਗੀ ਹੀ ਟਕਸਾਲੀ ਢੰਗ ਨਾਲ ਇਹ ਕੀਰਤਨ ਕਰ ਸਕਦਾ ਹੈ। ਆਸਾ ਦੀ ਵਾਰ ਦਾ ਕੀਰਤਨ ਸੂਰਜ ਚੜ੍ਹਨ ਤੱਕ ਸੰਪੂਰਨ ਹੋ ਜਾਂਦਾ ਹੈ। ਇਸ ਲਈ ਕੀਰਤਨੀਏ ਇਸ ਨੂੰ ਰਾਗ ਆਸਾ ਵਿੱਚ ਗਾਉਣ ਦੇ ਨਾਲ-ਨਾਲ ਸਵੇਰੇ ਦੇ ਹੋਰ ਰਾਗਾਂ ਵਿੱਚ ਵੀ ਗਾਉਂਦੇ ਹਨ। ਅੱਜ ਕੱਲ ਆਸਾ ਦੀ ਵਾਰ ਨੂੰ ਗਾਉਣ ਦਾ ਪੈਟਰਨ ਇਸ ਤਰ੍ਹਾਂ ਹੈ, ਪਹਿਲਾਂ ਗੁਰੂ ਰਾਮਦਾਸ ਜੀ ਦੇ ਛੱਕੇ ਛੰਤਾਂ ਵਿੱਚੋਂ ਇੱਕ ਛੰਤ ਜਿਸ ਦਾ ਟਕਸਾਲੀ ਢੰਗ ਇਸ ਨੂੰ ਇਕਤਾਲ ਜਾਂ ਯੱਕੇ ਵਿੱਚ ਗਾਇਆ ਜਾਣਾ ਹੈ ਪਰ ਅਜੋਕੇ ਰਾਗੀ ਕਈ ਵਾਰ ਇਸ ਵਿੱਚ ਖੁੱਲ੍ਹ ਲੈ ਕੇ ਹੋਰ ਤਾਲਾਂ ਵਿੱਚ ਵੀ ਇਸ ਦਾ ਗਾਇਨ ਕਰਦੇ ਹਨ। ਛੰਤ ਦੇ ਗਾਇਨ ਤੇ ਬਾਅਦ ਸਹਾਇਕ ਵਾਜੇ ਵਾਲਾ ਰਾਗੀ ਸਲੋਕ ਉਸੇ ਰਾਗ ਵਿੱਚ ਗਾਉਂਦਾ ਹੈ ਜਿਸ ਵਿੱਚ ਛੰਤ ਗਾਇਆ ਗਿਆ ਹੋਵੇ ਪਰ ਇਹ ਸਲੋਕ ਤਾਲ ਤੋਂ ਸੁਤੰਤਰ ਹੁੰਦਾ ਹੈ। ਇਸ ਸਲੋਕ ਵਿੱਚ ਰਾਗੀ ਆਪਣੀ ਪ੍ਰਵੀਣ ਸੰਗੀਤ ਕਲਾ ਦਾ ਪ੍ਰਮਾਣ ਦਿੰਦਿਆਂ ਸੰਬੰਧਿਤ ਰਾਗ ਦਾ ਸਰੂਪ ਵੀ ਸਪਸ਼ਟ ਕਰੀ ਜਾਂਦਾ ਹੈ ਤੇ ਗੁਰਬਾਣੀ ਵੀ ਸਮਝਾਈ ਜਾਂਦਾ ਹੈ। ਫਿਰ ਦੂਜਾ ਸਲੋਕ ਜਥੇਦਾਰ ਰਾਗੀ ਗਾਉਂਦਾ ਹੈ। ਇੰਜ ਵਾਰੋ ਵਾਰੀ ਸਲੋਕ ਪੜ੍ਹਨ ਤੋਂ ਬਾਅਦ ਪਉੜੀ ਦੋਵੇਂ ਜਾਂ ਤਿੰਨੇ ਰਾਗੀ (ਤਬਲੇ ਵਾਲਾ ਵੀ) ਰਲ ਕੇ ਖਾਸ ਤਾਲ ਵਿੱਚ ਗਾਉਂਦੇ ਹਨ। ਪਉੜੀ ਨਾਲ ਜਿਹੜਾ ਠੇਕਾ ਵਜਾਇਆ ਜਾਂਦਾ ਉਸ ਦੇ ਬੋਲ ਹਨ- ਗੇ ਤਾ ਗੇ ਤਿ ਟ ਤਾ —— ਪਹਿਲੇ ਗੇ ਤੇ ਸਮ ਹੈ। ਪਉੜੀ ਦੀ ਆਖਰੀ ਤੁਕ ਨੂੰ ਵਿਸ਼ੇਸ਼ ਰੂਪ ਵਿੱਚ ਤੋੜਾ ਮਾਰ ਕੇ ਮੁਕਾਇਆ ਜਾਂਦਾ ਹੈ। ਜਿਵੇਂ:—

ਕਰਿ ਆਸਣ.....
ਡਿ ਠੋ ਚਾਉ .....
ਡਿ ਠੋ ਚਾਉ ......

ਡਿ ਠੋ ਚਾ..... ਉ

ਤੀਜੀ ਵਾਰੀ 'ਡਿ ਠੋ ਚਾਉ' ਕਹਿਣ ਵੇਲੇ ਇੱਕ ਮਾਤਰਾ ਵਧਾ ਕੇ ਮੁਕਾਇਆ ਜਾਂਦਾ ਹੈ। ਤਬਲੇ ਵਾਲਾ ਵੀ ਨਾਲ ਇਸੇ ਤਰ੍ਹਾਂ ਸੰਗਤ ਕਰਦਾ ਹੈ ਜਿਸ ਨਾਲ ਚੰਗਾ ਆਨੰਦ ਆਉਂਦਾ ਹੈ।

ਵਾਰ ਕਾਵਿ ਰੂਪ ਅਤੇ ਆਸਾ ਦੀ ਵਾਰ: ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵਾਰਾਂ ਕੇਵਲ 16 ਰਾਗਾਂ ਵਿੱਚ ਰਚੀਆਂ ਹਨ। ਇਹ ਵੇਖ ਕੇ ਗੁਰੂ ਕਵੀਆਂ ਦੇ ਕਾਵਿਕ ਅਤੇ ਸੰਗੀਤਕ ਗਿਆਨ ਪ੍ਰਤੀ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ ਕਿ ਗੁਰੂ ਕਵੀਆਂ ਨੇ ਜਿਹੜੇ ਰਾਗ ਇਸ ਕਾਵਿ ਰੂਪ ਲਈ ਪ੍ਰਯੋਗ ਕੀਤੇ ਹਨ ਉਨ੍ਹਾਂ ਵਿੱਚ ਲਗਭਗ 14 ਰਾਗ ਵੀਰ ਰਸੀ-ਭਾਵਾਂ ਨੂੰ ਪ੍ਰਗਟਾਉਣ ਦੇ ਸਮਰਥ ਹਨ। ਵੀਰ ਰਸੀ ਭਾਵਾਂ ਨੂੰ ਪ੍ਰਗਟਾਉਣ ਵਾਲੇ ਰਾਗ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ:-

1) ਭਰਤ ਦੇ ਸੰਗੀਤ ਸਿਧਾਂਤ ਅਨੁਸਾਰ ਜਿਨ੍ਹਾਂ ਰਾਗਾਂ ਵਿੱਚ ਸ਼ੜਜ ਅਤੇ ਰਿਸ਼ਭ ਵਾਦੀ ਸੁਰ ਹੋਵੇ ਉਹ ਰਾਗ ਵੀਰ ਰਸੀ ਭਾਵਾਂ ਨੂੰ ਪ੍ਰਗਟਾਉਣ ਦੇ ਯੋਗ ਹੁੰਦੇ ਹਨ।
2) ਭਾਤਖੰਡੇ ਅਨੁਸਾਰ ਜਿਨ੍ਹਾਂ ਰਾਗਾਂ ਵਿੱਚ ਗੰਧਾਰ ਅਤੇ ਨਿਸ਼ਾਦ ਕੋਮਲ ਰੂਪ ਵਿੱਚ ਪ੍ਰਯੋਗ ਹੋਣ ਉਹ ਵੀ ਵੀਰ ਰਸੀ ਭਾਵਾਂ ਨੂੰ ਪ੍ਰਗਟ ਕਰਨ ਦੇ ਅਨੁਕੂਲ ਹੁੰਦੇ ਹਨ।

ਰਾਗ ਆਸਾ ਵਿੱਚ ਵਾਦੀ ਸੁਰ ਰਿਸ਼ਭ ਵੀ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਆਸਾ ਦੀ ਵਾਰ ਦਾ ਰਾਗ ਇਸ ਦੇ ਕਾਵਿ ਰੂਪ ਅਨੁਸਾਰ ਹੀ ਹੈ।

ਆਸਾ ਦੀ ਵਾਰ ਵਿੱਚ ਸ਼ਬਦ ਸੰਗੀਤ- ਆਸਾ ਦੀ ਵਾਰ ਦੇ ਗਾਇਨ ਢੰਗ ਵਿੱਚ ਪਉੜੀਆਂ ਤਾਲ-ਬੱਧ ਢੰਗ ਨਾਲ ਪੜ੍ਹੀਆਂ ਜਾਂਦੀਆਂ ਹਨ ਅਤੇ ਸਲੋਕ ਬਿਨਾਂ ਤਾਲ ਸੁਰ ਵਿੱਚ ਗਾਏ ਜਾਂਦੇ ਹਨ। ਪਰ ਸਲੋਕਾਂ ਵਿੱਚ ਕਮਾਲ ਸ਼ਬਦ-ਸੰਗੀਤ ਹੈ ਜੋ ਸਰੋਤੇ ਨੂੰ ਬਦੋ-ਬਦੀ ਆਪਣੇ ਵੱਲ ਆਕਰਸ਼ਿਤ ਕਰ ਲੈਂਦਾ ਹੈ। ਵੰਨਗੀ ਮਾਤਰ ਕੁਝ ਸਲੋਕ ਵੇਖੋ:-

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥
ਸਚੇ ਤੇਰੇ ਲੋਅ ਸਚੇ ਆਕਾਰ॥
ਸਚੇ ਤੇਰੇ ਕਰਣੇ ਸਰਬ ਵੀਚਾਰ.....॥

ਵਡੀ ਵਡਿਆਈ ਜਾ ਵਡਾ ਨਾਉ॥
ਵਡੀ ਵਡਿਆਈ ਜਾ ਨਿਹਚਲ ਥਾਉ॥
ਵਡੀ ਵਡਿਆਈ ਜਾਣੈ ਆਲਾਉ॥
ਵਿਸਮਾਦੁ ਨਾਦ ਵਿਸਮਾਦੁ ਵੇਦ॥
ਵਿਸਮਾਦੁ ਜੀਅ ਵਿਸਮਾਦੁ ਭੇਦ॥..........
ਕੁਦਰਤਿ ਦਿਸੈ ਕੁਦਰਤਿ ਸੁਣੀਐ॥
ਕੁਦਰਤਿ ਭਉ ਸੁਖਸਾਰੁ॥
ਕੁਦਰਤਿ ਪਾਤਾਲੀ ਅਕਾਸੀ॥
ਕੁਦਰਤਿ ਸਰਬ ਆਕਾਰ॥.....
ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿੱਚ ਚਲਹਿ ਲਖੈ ਦਰਿਆਉ॥........
ਹਉ ਵਿਚਿ ਆਇਆ ਹਉ ਵਿਚਿ ਗਇਆ॥
ਹਉ ਵਿਚਿ ਜੰਮਿਆ ਹਉ ਵਿਚਿ ਮੂਆ॥........
ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥.......
ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਹ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭਡਾਂਹ॥......

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥.......
ਕੂੜ ਰਾਜਾ ਕੂੜੁ ਪਰਜਾ ਕੂੜੁ ਸਭ ਸੰਸਾਰੁ॥
ਕੂੜ ਮੰਡਪ ਕੂੜੁ ਮਾੜੀ ਕੂੜ ਬੈਸਨ ਹਾਰ॥
ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥......

ਇਸੇ ਤਰ੍ਹਾਂ ਅਗਲੇਰੇ ਸਲੋਕਾਂ ਵਿੱਚ 'ਤਗੁ' 'ਕੂੜੁ' 'ਸੂਤਕ' 'ਭੰਡਿ' ਆਦਿ ਸ਼ਬਦਾਂ ਦੇ ਦੁਹਰਾਉ ਨਾਲ ਸੰਗੀਤ ਪੈਦਾ ਹੁੰਦਾ ਹੈ। ਪਉੜੀਆਂ ਦੀ ਪਹਿਲੀ ਤੁਕ ਵੀ ਅੱਖਰ ਦੇ ਦੁਹਰਾਉ ਵਾਲੇ ਸੰਗੀਤ ਨਾਲ ਭਰਪੂਰ ਹੁੰਦੀ ਹੈ, ਜਿਵੇਂ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥........
ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥......
ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥.......
ਸੇਵ ਕੀਤੀ ਸੰਤੋਖੀਈ ਜਿਨੀ ਸੱਚੋ ਸਚੁ ਧਿਆਇਆ॥

## ਆਸਾ ਦੀ ਵਾਰ ਦੇ ਗਾਇਨ ਦਾ ਪ੍ਰਭਾਵ

ਗੁਰੂ ਨਾਨਕ ਦੇਵ ਜੀ ਨੇ ਆਪਣੀ ਇਹ ਵਾਰ ਇੱਕ ਪ੍ਰਯੋਜਨ ਅਧੀਨ ਰਚੀ ਸੀ ਗੁਰੂ ਸਾਹਿਬ ਤੋਂ ਪਹਿਲਾਂ ਵਾਰਾਂ ਵਿੱਚ ਮਨੁੱਖਾਂ ਦੀਆਂ ਆਪਸੀ ਲੜਾਈਆਂ ਵਿੱਚ ਵਿਖਾਈ ਬਹਾਦਰੀ ਦਾ ਜ਼ਿਕਰ ਪ੍ਰਧਾਨ ਹੁੰਦਾ ਸੀ। ਪਰ ਗੁਰੂ ਜੀ ਨੇ ਵਾਰ ਕਾਵਿ ਰੂਪ ਦਾ ਬੁਰਾਈਆਂ ਦੇ ਖਿਲਾਫ ਲੜਨ ਲਈ ਮਨੁੱਖ ਨੂੰ ਤਿਆਰ ਕਰਨ ਵਾਸਤੇ ਪ੍ਰਯੋਗ ਕੀਤਾ ਖਾਸ ਕਰ ਕੇ ਇਸ ਵਾਰ ਦੇ ਸਲੋਕਾਂ ਨੂੰ ਇਸ ਢੰਗ ਨਾਲ ਗਾਇਨ ਕੀਤਾ ਜਾਂਦਾ ਹੈ ਕਿ ਜੋ ਮਨੁੱਖ ਸੰਗੀਤ ਨਾਲ ਨਾ ਵੀ ਪ੍ਰਭਾਵਿਤ ਹੋਵੇ ਤਾਂ ਵੀ ਉਹ ਸਲੋਕਾਂ ਵਿੱਚ ਦਿੱਤੇ ਤਰਕ ਅਗੇ ਜ਼ਰੂਰ ਸਿਰ ਝੁਕਾ ਦੇਂਦਾ ਹੈ। ਇਹ ਵਾਰ ਆਪਣੀ ਗਾਇਨ ਸ਼ੈਲੀ ਅਤੇ ਵਿਚਾਰ ਕਰ ਕੇ ਇਤਨੀ ਪ੍ਰਚਲਤ ਹੋਈ ਹੈ ਕਿ ਲਗਭਗ ਹਰ ਸਿਖ ਧਾਰਮਿਕ ਸਥਾਨ ਤੇ ਇਸ ਦਾ ਗਾਇਨ ਹੁੰਦਾ ਹੈ। ਇਸ ਵਾਰ ਵਿੱਚ ਦਿਤੇ ਸਲੋਕਾਂ ਰਾਹੀਂ ਗੁਰੂ ਜੀ ਮਨੁੱਖ ਨੂੰ ਦੇਵਤਾ ਭਾਵ ਚੰਗਾ ਮਨੁੱਖ ਬਣਾਉਣਾ ਚਾਹੁੰਦੇ ਹਨ। ਇਸ ਲਈ ਉਹ ਸਾਧਨ ਦਸਦੇ ਹਨ ਗੁਰੂ ਦੀ ਅਗਵਾਈ ਪ੍ਰਾਪਤ ਕਰਨਾ। ਗੁਰੂ ਬਾਰੇ ਦਿੱਤੇ ਸਲੋਕਾਂ ਦੀਆਂ ਉਦਾਹਰਨਾਂ ਵਰਣਨ ਯੋਗ ਹਨ:

1) ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥
ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆ ਗੁਰ ਬਿਨ ਘੋਰ ਅੰਧਾਰ॥
2) ਕੁੰਭੇ ਬਧਾ ਜਲ ਰਹੇ ਜਲ ਵਿੱਚ ਕੁੰਭੁ ਨ ਹੋਇ॥

ਉਸ ਵੇਲੇ ਦੇ ਲੋਕ ਬ੍ਰਾਹਮਣਾਂ ਨੇ ਕਈ ਤਰ੍ਹਾਂ ਦੇ ਵਹਿਮਾਂ ਭਰਮਾਂ ਵਿੱਚ ਫਸਾਏ ਹੋਏ ਸਨ। ਕਈ ਰਸਮਾਂ ਕਰਨ ਲਈ ਉਨ੍ਹਾਂ ਨੂੰ ਮਜਬੂਰ ਕੀਤਾ ਜਾਂਦਾ ਸੀ। ਇਨ੍ਹਾਂ ਰਸਮਾਂ ਵੇਲੇ ਉਹ ਭੋਲੀ ਭਾਲੀ ਜਨਤਾ ਕੋਲੋਂ ਜ਼ਬਰਦਸਤੀ ਧਨ-ਦੌਲਤ ਬਟੋਰਦੇ ਸਨ ਗੁਰੂ ਸਾਹਿਬਾਲ ਨੇ ਲੋਕਾਂ ਨੂੰ ਇਸ ਦੁੱਖ ਤੋਂ ਨਜਾਤ-ਪ੍ਰਾਪਤ ਕਰਨ ਲਈ ਸਲੋਕਾਂ ਰਾਹੀਂ ਗਿਆਨ ਦਿੱਤਾ। ਜਨੇਉ ਦੀ ਰਸਮ ਦਾ ਖੰਡਨ ਕਰਦਿਆਂ ਉਨ੍ਹਾਂ ਕਿਹਾ:—

1) ਦਇਆ ਕਪਾਹ ਸੰਤੋਖ ਸੂਤੁ ਜਤ ਗੰਢੀ ਸਤੁ ਵਟੁ॥
ਏਹ ਜਨੇਊ ਜੀਅ ਕਾ ਹਈ ਤਾ ਪਾਂਡੇ ਘਤੁ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥
2) ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥

ਸਿਖਾ ਕੰਨਿ ਚੜ੍ਹਾਈਆਂ ਗੁਰੁ ਬ੍ਰਾਹਮਣ ਥਿਆ॥
ਓਹ ਮੁਆ ਉਹੁ ਝੜਿ ਪਇਆ ਵੇਤਗਾ ਗਇਆ॥

ਆਸਾ ਦੀ ਵਾਰ ਦੀ ਇਸ ਪਉੜੀ ਨਾਲ ਦਿੱਤੇ ਸਾਰੇ ਸਲੋਕਾਂ ਵਿੱਚ ਧਾਗੇ ਦਾ ਜਨੇਊ ਪਾਉਣ ਦੀ ਰਸਮ ਦਾ ਖੰਡਨ ਕੀਤਾ ਗਿਆ ਹੈ:—

1) ਲਖ ਚੋਰੀਆ ਲਖ ਯਾਰੀਆ ਲਖ ਕੂੜੀਆਂ ਲਖ ਗਾਲਿ॥
ਲਖ ਠਗੀਆ ਪਹਿਨਾਮੀਆਂ ਰਾਤਿ ਦਿਵਸੁ ਜੀਅ ਨਾਲਿ॥
2) ਤਗ ਕਪਾਹਹੁ ਕਤੀਐ ਬਾਮ੍ਹਣ ਵਟੈ ਆਇ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥
ਹੋਇ ਪੁਰਾਣਾ ਸੁਟੀਐ ਭੀ ਫਿਰ ਪਾਈਐ ਹੋਰ॥
ਨਾਨਕ ਤਗੁ ਨਾ ਤੁਟਈ ਜੇ ਤਗਿ ਹੋਵੈ ਜੋਰ॥

ਗੁਰੂ ਸਾਹਿਬਾਨ ਨੇ ਬ੍ਰਾਹਮਣਾਂ ਦੇ ਪਖੰਡਾਂ ਦਾ ਪਾਜ ਬੜੀ ਦਲੇਰੀ ਨਾਲ ਉਘਾੜਿਆ ਹੈ:—

1) ਗਊ ਬਿਰਾਹਮਣ ਕਉ ਕਰ ਲਾਵਹੁ ਗੋਬਰਿ ਤਰਣੁ ਨ ਜਾਈ॥
ਧੋਤੀ ਟਿਕਾ ਤੇ ਜਪੁਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ॥
2) ਮਥੇ ਟਿਕਾ ਤੇੜਿ ਧੋਤੀ ਕਖਾਈ॥
ਹਥਿ ਛੁਰੀ ਜਗਤ ਕਸਾਈ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨ ਲੈ ਪੂਜਹਿ ਪੁਰਾਣ॥
ਦੇ ਕੇ ਚਉਕਾ ਕਢੀ ਕਾਰ॥
ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੇ ਵੇ ਮਤੁ ਭਿਟੇ॥
ਇਹ ਅੰਨੁ ਅਸਾਡਾ ਫਿਟੈ॥
ਤਨਿ ਭਿਟੈ ਫੇੜ ਕਰੇਨਿ॥
ਮਨ ਜੂਠੇ ਚੁਲੀ ਭਰੇਨਿ॥

ਬ੍ਰਾਹਮਣ ਉਸ ਵੇਲੇ ਬੱਚੇ ਦੀ ਪੈਦਾਇਸ਼ ਵਾਲੇ ਘਰ ਨੂੰ ਸੂਤਕ ਵਾਲਾ ਭਾਵ ਭਿਟਿਆ ਹੋਇਆ ਘਰ ਕਹਿ ਕੇ ਤ੍ਰਿਸਕਾਰਦੇ ਸਨ। ਪਰ ਗੁਰੂ ਸਾਹਿਬ ਆਖਦੇ ਹਨ – ਜਿਹੜੇ ਸੂਤਕ ਨੂੰ ਤੁਸੀਂ ਸੂਤਕ ਕਹਿੰਦੇ ਹੋ ਉਹ ਸੂਤਕ ਨਹੀਂ ਅਸਲ ਵਿੱਚ ਤਾਂ ਸੂਤਕ ਇਸ ਤਰ੍ਹਾਂ ਹੈ:——

ਮਨ ਕਾ ਸੂਤਕ ਲੋਭੁ ਹੈ ਜਿਹਬਾ ਸੂਤਕ ਕੂੜ॥
ਅਖੀ ਸੂਤਕ ਵੇਖਣਾ ਪਰ ਤ੍ਰਿਆ ਪਰ ਧਨ ਰੂਪ

ਗੁਰੂ ਸਾਹਿਬ ਦੀ ਇਸ ਵਾਰ ਨਾਲ ਸਲੋਕਾਂ ਦਾ ਗਾਇਨ ਇਨੀ ਵਾਰ ਹੋਇਆ ਹੈ ਕਿ ਪੰਜਾਬ ਦੇ ਲੋਕ ਕਾਫੀ ਹਦ ਤੱਕ ਭਾਰਤ ਦੇ ਦੂਜੇ ਸੂਬਿਆਂ ਨਾਲੋਂ ਇਨ੍ਹਾਂ ਵਹਿਮਾਂ ਭਰਮਾਂ ਤੋਂ ਮੁਕਤ ਹੋ ਗਏ ਹਨ।

ਅਜ ਕਲ ਅਸੀਂ ਆਸਾ ਦੀ ਵਾਰ ਤੋਂ ਟੁੱਟਦੇ ਜਾ ਰਹੇ ਹਾਂ। ਕੁਝ ਵਿਸ਼ੇਸ਼ ਸਥਾਨਾਂ ਨੂੰ ਛਡ ਕੇ ਲੋਕ ਆਸਾ ਦੀ ਵਾਰ ਦਾ ਕੀਰਤਨ ਨਹੀਂ ਸਰਵਣ ਕਰਦੇ। ਨਾਮਵਰ ਰਾਗੀ ਜਥੇ ਆਸਾ ਦੀ ਵਾਰ ਦਾ ਕੀਰਤਨ ਕਰਨ ਤੋਂ ਗੁਰੇਜ਼ ਕਰਨ ਲਗ ਪਏ ਹਨ ਕਿਉਂਕਿ ਜਿਸ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ ਉਸ ਵੇਲੇ ਕੋਈ ਵਿਰਲੇ ਹੀ ਸੁਣਨ ਵਾਲੇ ਹਾਜ਼ਰ ਹੁੰਦੇ ਹਨ।

ਲੋੜ ਹੈ ਆਸਾ ਦੀ ਵਾਰ ਨੂੰ ਹਰ ਸਮਾਗਮ ਵਿੱਚ ਪਹਿਲ ਦੇਣ ਦੀ। ਆਸਾ ਦੀ ਵਾਰ ਦਾ ਕੀਰਤਨ ਜ਼ਰੂਰ ਹੋਵੇ ਬਾਕੀ ਸਮਾਗਮ ਹੋਵੇ ਜਾਂ ਨਾ। ਇਸ ਬਾਣੀ ਦੇ ਇਨਕਲਾਬੀ ਵਿਚਾਰਾਂ ਦਾ ਪ੍ਰਚਾਰ ਅਜੇ ਵੀ ਬੇਹਦ ਲੋੜੀਂਦਾ ਹੈ। ਸਾਖੀਆਂ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਜੀ ਨੇ ਜੰਗਾਂ ਯੁਧਾਂ ਸਮੇਂ ਵੀ

ਇਸ ਵਾਰ ਦਾ ਕੀਰਤਨ ਸਰਵਨ ਕਰਨਾ ਨਹੀਂ ਸੀ ਛਡਿਆ। ਕੀ ਅਸੀਂ ਅਮਨ ਦੇ ਸਮੇਂ ਵੀ ਇਸ ਨੂੰ ਸੁਣਨਾ ਆਪਣੇ ਨਿਤਨੇਮ ਦਾ ਅੰਗ ਨਹੀਂ ਬਣਾ ਸਕਦੇ?

---

# ਗੁਰਮਤਿ ਸੰਗੀਤ ਵਿਚ ਰਾਗ ਗੂਜਰੀ

**ਗੁਰਨਾਮ ਸਿੰਘ (ਡਾ.)***

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਵਰਗੀਕਰਣ ਵਿਚ ਗੂਜਰੀ ਰਾਗ ਪੰਜਵੇਂ ਸਥਾਨ ਤੇ ਪੰਨਾ ੪੮੯ ’ਤੇ ਅੰਕਿਤ ਹੈ ਜਿਸ ਦਾ ਆਰੰਭ *ਰਾਗ ਗੂਜਰੀ ਮਹਲਾ ੧ ਚਉਪਦੇ ਘਰੁ ੧* ਦੇ ਸਿਰਲੇਖ ਤੋਂ ਹੁੰਦਾ ਹੈ। ਇਸ ਰਾਗ ਦੀ ਨਾਦਾਤਮਕ ਮਹਿਮਾ ਦਾ ਵਰਨਣ ਕਰਦਿਆਂ ਤੀਜੇ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

*ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥*
*ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ॥*
*ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ॥*
*ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧੬)*

ਗੂਜਰੀ ਰਾਗ ਸੰਗੀਤ ਜਗਤ ਦਾ ਪੁਰਾਤਨ ਤੇ ਲੋਕਪ੍ਰਿਅ ਰਾਗ ਹੈ। ਰਾਗ ਗੂਜਰੀ ਸਬੰਧੀ ਵਿਦਵਾਨਾਂ ਦੀ ਰਾਇ ਹੈ ਕਿ ਇਹ ਲੋਕ ਸੰਗੀਤ ਪਰੰਪਰਾ ਤੋਂ ਵਿਕਸਤ ਹੋਇਆ ਰਾਗ ਹੈ। ਭਾਰਤੀ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਜ਼ਿਕਰ ਆਮ ਮਿਲਦਾ ਹੈ। ਸੰਗੀਤ ਵਿਦਵਾਨਾਂ ਨੇ ਗੂਜਰੀ ਦਾ ਸਰੂਪ ਗੁੱਜਰਾਂ ਦੇ ਲੋਕ ਸੰਗੀਤ ਤੋਂ ਵਿਕਸਿਤ ਮੰਨਿਆ ਹੈ। ਸੰਗੀਤਾਚਾਰੀਆ ਇਸ ਰਾਗ ਨੂੰ ਰਾਗ-ਰਾਗਣੀ ਵਰਗੀਕਰਨ ਅਨੁਸਾਰ ਦੀਪਕ ਰਾਗ ਦੀ *ਰਾਗਣੀ* ਮੰਨਿਆ ਹੈ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਵਿਚ ਇਸ ਨੂੰ *ਰਾਗ* ਰੂਪ ਵਿਚ ਹੀ ਅੰਕਿਤ ਕੀਤਾ ਹੈ। *ਗੁਰੁ ਗਿਰਾਰਥ ਕੋਸ਼* ਵਿਚ ਗੂਜਰੀ ਨੂੰ ਮੇਘ ਰਾਗ ਦੀ ਰਾਗਣੀ ਲਿਖਿਆ ਗਿਆ ਹੈ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼* ਵਿਚ ਗੂਜਰੀ ਦੇ ਪ੍ਰਚਲਿਤ ਸਰੂਪ ਨੂੰ ਹੀ ਦਰਸਾਇਆ ਗਿਆ ਹੈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ *ਸੰਗੀਤ ਰਤਨਾਕਰ* ਭਾਗ ਦੂਜਾ ਵਿਚ ਇਸ ਰਾਗ ਨੂੰ ਰਾਗਾਂਗ ਰਾਗ ਸਵੀਕਾਰਿਆ ਗਿਆ ਹੈ। ਭਾਰਤੀ ਰਾਗ ਪਰੰਪਰਾ ਅਤੇ ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਰਾਗ ਦਾ ਸਰਬ ਪ੍ਰਵਾਣਿਤ ਉਲੇਖ ਹੈ। ਰਾਗ ਗੂਜਰੀ ਨੂੰ *ਤੋੜੀ* ਦੀ ਇਕ ਵੰਨਗੀ ਵਜੋਂ ਪ੍ਰਵਾਨ ਕਰਦਿਆਂ ਇਸ ਰਾਗ ਨੂੰ *ਗੂਜਰੀ ਤੋੜੀ* ਵੀ ਆਖਿਆ ਜਾਂਦਾ ਹੈ। ਇਸ ਰਾਗ ਨੂੰ ਤੋੜੀ ਥਾਟ ਤੋਂ ਉਤਪੰਨ ਹੋਇਆ ਹੀ ਮੰਨਿਆ ਗਿਆ ਹੈ ਅਤੇ ਇਸ ਦੇ ਗਾਇਨ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਤਰ੍ਹਾਂ ਰਾਗ ਗੂਜਰੀ ਦਾ ਸਰੂਪ ਪੁਰਾਤਨ, ਸਰਬ ਪ੍ਰਵਾਣਿਤ ਤੇ ਸਥਾਪਤ ਹੈ ਜੋ ਕਰੁਣ ਰਸ ਅਤੇ ਭਗਤੀ ਭਾਵ ਦੀਆਂ ਰਚਨਾਵਾਂ ਲਈ ਉਪਯੁਕਤ ਰਾਗ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਗੂਜਰੀ ਰਾਗ ਵਿਚ ਜਿੱਥੇ ਸ਼ਾਸਤਰੀ ਬਾਣੀ ਪਦੇ ਤੇ ਅਸ਼ਟਪਦੀ ਰਚਨਾਵਾਂ ਦਾ ਪ੍ਰਯੋਗ ਹੈ ਉੱਥੇ ਇਹ ਪ੍ਰਚਲਿਤ ਲੋਕ ਕਾਵਿ ਰੂਪ *ਵਾਰ* ਸ਼ੈਲੀ ਦਾ ਪ੍ਰਯੋਗ ਬਾਣੀ ਰਚਨਾਵਾਂ ਵਿਚ ਵੀ ਹੋਇਆ ਹੈ। ਰਾਗ ਗੂਜਰੀ ਅਧੀਨ ਗੁਰੂ ਨਾਨਕ ਦੇਵ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਦੀ ਬਾਣੀ ਦਰਜ ਹੈ। ਗੁਰੂ ਸਾਹਿਬਾਨ ਤੋਂ ਇਲਾਵਾ ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਜੈਦੇਵ ਦੀਆਂ ਬਾਣੀ ਰਚਨਾਵਾਂ ਇਸ ਰਾਗ ਦੇ ਅੰਤਰਗਤ ਮਿਲਦੀਆਂ ਹਨ।

13ਵੀਂ ਸਦੀ ਵਿਚ ਰਚਿਤ ਗ੍ਰੰਥ *ਗੀਤ ਗੋਵਿੰਦ* ਦੇ ਰਚਨਾਕਾਰ ਕਵੀ ਜੈਦੇਵ ਦੀ ਬਾਣੀ ਵਿਸ਼ੇਸ਼ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਗਤ ਜੈਦੇਵ ਕੇਂਦੂਲੀ (ਜਿਲ੍ਹਾ ਬੀਰਭੂਮੀ) ਬੰਗਾਲ ਦਾ ਪ੍ਰਸਿੱਧ ਗਵੱਈਆ ਜੋ ਰਾਗ ਵਿੱਦਿਆ ਵਿਚ ਮੁਹਾਰਤ ਰੱਖਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਭਗਤ ਦੀ

ਬਾਣੀ ਗੂਜਰੀ ਤੇ ਮਾਰੂ ਰਾਗ ਦੇ ਵਿਚ ਅੰਕਿਤ ਹੈ। ਰਾਗ ਗੂਜਰੀ ਵਿਚ ਭਗਤ ਜੈਦੇਵ ਦਾ ਸ਼ਬਦ ਵਿਸ਼ੇਸ਼ ਹੈ।

ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪ ੧ਓ ਸਤਿਗੁਰ ਪ੍ਰਸਾਦਿ॥
ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ॥
ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ॥੧॥
ਕੇਵਲ ਰਾਮ ਨਾਮ ਮਨੋਰਮੰ॥ ਬਦਿ ਅੰਮ੍ਰਿਤ ਤਤ ਮਇਅੰ॥
ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ॥੧॥ ਰਹਾਉ॥

ਗੂਜਰੀ ਰਾਗ ਦਾ ਸਮੇਂ ਸਮੇਂ ਤੇ ਹਰ ਰਬਾਬੀ ਰਾਗੀ ਕੀਰਤਨਕਾਰ ਨੇ ਗਾਇਨ ਕੀਤਾ ਹੈ। ਇਸ ਰਾਗ ਨੂੰ ਭਾਈ ਅਵਤਾਰ ਸਿੰਘ, ਭਾਈ ਅਵਤਾਰ ਸਿੰਘ ਗੁਰਚਰਨ, ਭਾਈ ਧਰਮ ਸਿੰਘ *ਜ਼ਖ਼ਮੀ*, ਭਾਈ ਬਲਵੀਰ ਸਿੰਘ, ਭਾਈ ਤੇਜਪਾਲ ਸਿੰਘ ਤੇ ਭਾਈ ਸੁਰਿੰਦਰ ਸਿੰਘ *ਸਿੰਘ ਬੰਧੂ*, ਡਾ. ਗੁਰਨਾਮ ਸਿੰਘ (ਲੇਖਕ), ਭਾਈ ਬਖਸ਼ੀਸ਼ ਸਿੰਘ, ਪ੍ਰੋਫ਼ੈਸਰ ਪਰਮਜੋਤ ਸਿੰਘ, ਭਾਈ ਨਿਰੰਜਨ ਸਿੰਘ, ਬੀਬੀ ਅਜੀਤ ਕੌਰ ਆਦਿ ਨੇ ਬਾਖ਼ੂਬੀ ਗਾਇਆ ਹੈ। ਇਨ੍ਹਾਂ ਦੀ ਰਿਕਾਰਡਿੰਗ **www.gurmatsangeetpup.com, www.sikh-relics.com, www.sewageorgia,org, www.jawadditaksal.org, www.sikhsangeet.com, www.vismaadnaad.org, www.youtube.com** ਵੈਬਸਾਈਟਸ ’ਤੇ ਸੁਣੀ ਜਾ ਸਕਦੀ ਹੈ।

ਗੂਜਰੀ ਰਾਗ ਅਧੀਨ ਗੁਰਮਤਿ ਸੰਗੀਤ ਦੇ ਸੁਰਲਿਪੀਬੱਧ ਵਿਰਾਸਤੀ ਭੰਡਾਰ ਵਿਚ ਅਨੇਕਾਂ ਸੁਰਲਿਪੀਬੱਧ ਸੁਰਾਵਲੀਆਂ ਮਿਲ ਜਾਂਦੀਆਂ ਹਨ। ਗੁਰਮਤਿ ਸੰਗੀਤ ਦੇ ਪ੍ਰਮੁੱਖ ਰਚਨਾਕਾਰ ਗਿਆਨੀ ਗਿਆਨ ਸਿੰਘ ਐਬਟਾਬਾਦ ਪ੍ਰੋਫ਼ੈਸਰ ਤਾਰਾ ਸਿੰਘ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰਸੀਪਲ ਦਿਆਲ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋਫ਼ੈਸਰ ਕਰਤਾਰ ਸਿੰਘ, ਪ੍ਰੋਫ਼ੈਸਰ ਪਰਮਜੋਤ ਸਿੰਘ ਆਦਿ ਨੇ ਗੂਜਰੀ ਰਾਗ ਦੇ ਅੰਤਰਗਤ ਅਨੇਕਾਂ ਸ਼ਬਦਾਂ ਨੂੰ ਸੁਰਲਿਪੀਬੱਧ ਰੂਪ ਵਿਚ ਨਿਬੱਧ ਕੀਤਾ ਹੈ। ਰਬਾਬੀ ਘਰਾਣੇ ਦੀ ਸੀਨਾ-ਬ-ਸੀਨਾ ਚਲਦੀ ਪਰੰਪਰਾ ਦੀਆਂ ਸ਼ਬਦ ਕੀਰਤਨ ਰਚਨਾਵਾਂ ਵਿਚ ਸਾਨੂੰ ਰਾਗ ਗੂਜਰੀ ਦੀਆਂ ਕਈ ਸ਼ਬਦ ਕੀਰਤਨ ਰਚਨਾਵਾਂ ਪ੍ਰਕਾਸ਼ਿਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਗਿਆਨੀ ਗਿਆਨ ਸਿੰਘ ਐਬਟਾਬਾਦ ਦੇ ਸੁਰਲਿਪੀਬੱਧ ਪ੍ਰਕਾਸ਼ਿਤ ਸੰਗ੍ਰਹਿ *ਗੁਰਬਾਣੀ ਸੰਗੀਤ* (ਭਾਗ ਪਹਿਲਾ ਦੂਜਾ) ਵਿਚ ਇਸ ਰਾਗ ਅਧੀਨ ਸੱਤ ਸ਼ਬਦ ਕੀਰਤਨ ਰਚਨਾਵਾਂ ਜੋ ਕਿ ਰਬਾਬੀ ਭਾਈ ਤਾਬੇ ਦੀਆਂ ਤਰਜ ਹਨ।

ਗੂਜਰੀ ਦਾ ਗੁਰਮਤਿ ਸੰਗੀਤ ਦੀ ਵਿਵਹਾਰਕ ਸ਼ਬਦ ਕੀਰਤਨ ਚੌਕੀ ਪਰੰਪਰਾ ਵਿਚ ਵਿਸ਼ੇਸ਼ ਸਥਾਨ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਚੱਲਿਤ ਸ਼ੁਕਰਾਨੇ/ਜਨਮ ਸਮੇਂ ਦੀ ਕੀਰਤਨ ਚੌਕੀ ਵਿਚ ਇਸ ਰਾਗ ਅਧੀਨ ਰਚੀ ਬਾਣੀ ਦਾ ਵਿਸ਼ੇਸ਼ ਰੂਪ ਵਿਚ ਕੀਰਤਨ ਹੁੰਦਾ ਹੈ। ਖਾਸ ਕਰਕੇ ਗੁਰੂ ਅਰਜਨ ਦੇਵ ਦੁਆਰਾ ਉਚਾਰਿਆ ਸ਼ਬਦ *ਪੂਤਾ ਮਾਤਾ ਕੀ ਆਸੀਸ* ਸ਼ਬਦ ਦਾ ਜਨਮ ਸਮੇਂ ਦੀ ਕੀਰਤਨ ਚੌਕੀ ਦੇ ਅੰਤਰਗਤ ਵਿਸ਼ੇਸ਼ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਸਿੱਖ ਧਾਰਣਾ ਅਨੁਸਾਰ ਗੂਜਰੀ ਰਾਗ ਵਿਚ ਹੀ ਗੁਰੂ ਅਰਜਨ ਦੇਵ ਨੇ ਆਪਣੀ ਮਾਤਾ ਬੀਬੀ ਭਾਨੀ ਵੱਲੋਂ ਮਿਲੀ ਅਸੀਸ ਨੂੰ ਬਾਣੀ ਰੂਪ ਵਿਚ ਇਉਂ ਅੰਕਿਤ ਕੀਤਾ ਹੈ :

*ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥ ਰਹਾਉ॥*

1. ਗੁਰੂ ਗ੍ਰੰਥ ਵਿਚ ਸਥਾਨ
2. ਰਾਗ ਦਾ ਸ਼ਾਬਦਿਕ ਪਰਿਚੈ
3. ਸੰਗੀਤ ’ਚ ਸਥਾਨ
4. ਬਾਣੀ ’ਚ ਸਥਾਨ

5. ਪੇਟਿੰਗ/ਚਿੱਤਰ
6. ਬਾਣੀਕਾਰ (ਗੁਰੂ ਨਾਨਕ–ਕਿਹੜੇ ਬਾਣੀ ਰੂਪ+ਕੀਰਤਨ ਵਿਚ ਗਾਏ ਜਾਣ ਵਾਲੇ ਸ਼ਬਦ)
7. ਗਾਇਨ ਰੂਪ
8. ਕੀਰਤਨ ਚੌਂਕੀਆਂ ’ਚ ਸਥਾਨ
9. ਵੈਬਸਾਈਟ
10. ਸੁਰਲਿਪੀਕਾਰ

*ਪ੍ਰੋਫ਼ੈਸਰ ਅਤੇ ਮੁਖੀ, ਗੁਰਮਤਿ ਸੰਗੀਤ ਵਿਭਾਗ –
ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

---

# Gurbani sans raag can't touch hearts'



The recent kirtan performance by Prof Kartar Singh at Harmandir Sahib was not only uncommon for a nonagenarian performing kirtan with tanti saaz, but it also gave a glimpse into how kirtan used to be performed at Harmandir Sahib in the days of yore, when harmonium had not yet made way into time for "*Gurbani*" to be "*Gurbani*" recital.

"The need of the hour is emotions to reach the to bring back the raag- based kirtan as mandated by Sikh Gurus," the professor said.

"As raag has been written at the beginning of each shabad, "Gurbani" cannot be looked in isolation from the raag. It is time for "Gurbani" to be sung according to raags for emotions to reach the heart, Prof Kartar Singh stressed. At 90, he is still going strong. Serving as Honorary Director of the Gurmat Sangeet Academy at Anandpur Sahib, he goes to conduct classes at the academy every week.

Indefatigable and passionate for "*Gurmat Sangeet*", he penned six books on “*Gurbani Kirtan*”. "These days, he is writing another book based on Bani by Bhagats in *Guru Granth Sahib*.

Prof Singh expressed concern over kirtan not being performed according to raags. "What should concern everyone is that there isn't even any feeling of remorse and compunction by kirtaniyas or even objection by devotees for kirtan not being performed according to raags, he said. "I have seen the times when not only kirtan was performed according to raags, but even the best of musicians used to express a feeling of exhilaration listening to the musical prowess of kirtaniyas, performing in raags even in "Gurbani". But you don't see that happen now. "It is high time that "*Gurbani Kirtan*" was performed only in the discipline of "Gurbani" raags for the realization of it's true essence," he said.

*(Source: The Tribune, May 22, 2018)*

# ਰਾਗ ਤ੍ਰਿਵੇਣੀ

ਪੂਰਵੀ ਠਾਠ ਦਾ ਸ੍ਰੀ ਅੰਗ ਦੇ ਰਾਗ ਦੀ ਜਾਤੀ ਖਾੜਵ ਹੈ ਜਿਸ ਵਿੱਚ ਮੱਧਯਮ ਸੁਰ ਵਰਜਤ, ਰਿਖਬ-ਧੈਵਤ ਕੋਮਲ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਇਸ ਦਾ ਵਾਦੀ ਸੁਰ ਰਿਖਬ ਅਤੇ ਸੰਵਾਦੀ ਪੰਚਮ ਹੈ। ਪੂਰਵੀ ਠਾਠ ਦੇ ਬਹੁਤ ਸਾਰੇ ਰਾਗਾਂ ਵਾਂਙ ਇਹ ਵੀ ਸ਼ਾਮ ਦਾ ਰਾਗ ਹੈ ਜਿਸ ਵਿੱਚ ਨਿਖਾਦ ਅਲਪ ਹੀ ਰਹਿੰਦਾ ਹੈ।

**ਚਾਲ**: ਸ ਰੁ - ਸ, ਸ - ਰੁ ਗ ਰੁ - ਸ, ਸ ਨ਼ ਧ਼ ਪ - ਪ਼ ਨ਼ ਸ, ਸ ਧ਼ - ਪ਼ - ਧ਼ ਪ਼ ਸ, ਰੁ - ਨ਼ ਧ਼ ਪ਼ - ਧ਼ ਪ਼ ਧ਼ ਸ, ਸ (ਗ)ਰੁ - ਗ ਰੁ - ਸ, ਨ਼ ਰੁ ਗ ਰੁ ਸ, ਸ (ਗ)ਰੁ - ਪ - ਪ ਗ ਰੁ - ਸ, ਸ ਰੁ ਗ ਪ - ਪ ਧੁ ਪ - ਧੁ ਪ ਗ ਪ - ਧੁ ਸੰ, ਪ ਨ ਸੰ - ਧੁ ਪ - ਸੰ, ਸੰ ਰੁੰ ਸੰ, ਸੰ ਰੁੰ ਗੰ ਰੁੰ ਸੰ, ਗੰ ਰੁੰ ਸੰ ਨ ਧੁ ਪ - ਪ ਧੁ ਸੰ - ਧੁ ਪ - ਗ ਪ ਗ ਰੁ - ਧ਼ ਨ਼ ਸ।

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | (ਨ)ਸ | ਸ |
| | | | | | | | | | | | | | | ਵ | ਡ |
| ਰੁ | - | - | ਸ | ਸ | - | ਗ | ਪ | ਗ | ਰੁ | - | ਰੁ | ਸ | - | ਨ਼ | ਸ |
| ਭਾ | ऽ | ऽ | ਗੀ | ਆ | ऽ | ਸੋ | ऽ | ਹਾ | ऽ | ऽ | ਗ | ਣੀ | ऽ | ਹ | ਰ |
| (ਨ)ਧ਼ | -ਧ਼ | ਧ਼ | ਧ਼ | ਸ | - | ਸ | ਰੁ | ਗ | - | ਗ | ਰੁ | ਸ | -, | ਨ਼ | ਸ |
| ਮ | -ਸੁ | ਤ | ਕ | ਮਾ | ऽ | ਣਾ | ऽ | ਰਾ | ऽ | ऽ | ऽ | ਮ | ऽ, | ਵ | ਡ |
| x | | | | 2 | | | | 0 | | | | 3 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਪ | ਪ |
| | | | | | | | | | | | | | | ਮੇ | ਰਾ |
| ਪ | ਪ | ਪ | ਪ | (ਸੰ)ਧੁ | - | ਪ | ਧੁ | ਸੰ | - | - | ਸੰ | ਸੰ | - | ਨ | ਸੰ |
| ਹ | ਰ | ਪ੍ | ਭ | ਸੇ | ऽ | ਜੈ | ऽ | ਆ | ऽ | ऽ | ਇ | ਆ | ऽ | ਮ | ਨ |
| ਨ | ਧੁ | - | ਧੁ | ਪ | - | ਪ | - | ਪ- | ਗ- | ਪ- | ਗ- | ਰੁ | ਸ, | ਨ਼ | ਸ |
| ਸੁ | ਖ | ऽ | ਸ | ਮਾ | ऽ | ਣਾ | ऽ | ਰਾऽ | ऽऽ | ऽऽ | ऽऽ | ਮ | ऽ, | ਵ | ਡ |
| x | | | | 2 | | | | 0 | | | | 3 | | | |

(ਸੁਰਲਿਪੀ ਵਾਲੇ ਸ਼ਬਦ ਦੇ ਅਰਥ ਲਈ ਵੇਖੋ ਟਾਈਟਲ ਪੰਨਾ 3)

# ਸੁਰਲਿਪੀ ਵਾਲੇ ਸ਼ਬਦ ਦੇ ਅਰਥ

ਛੰਤ ਬਿਲਾਵਲੁ ਮਹਲਾ ੪ ਮੰਗਲ
ੴ ਸਤਿਗੁਰ ਪ੍ਰਸਾਦਿ ॥

ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ॥
ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ॥
ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ ॥
ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ ॥੧॥
ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ ॥
ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ॥
ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ ॥
ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ ॥੨॥
ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ ॥
ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ ॥
ਜਿਨ ਮਾਣਸ ਜਨਮਿ ਨ ਪਾਇਆ ਤਿਨ੍ ਭਾਗੁ ਮੰਦੇਰਾ ਰਾਮ ॥
ਹਰਿ ਹਰਿ ਹਰਿ ਹਰਿ ਰਾਖੁ ਪ੍ਰਭ ਨਾਨਕੁ ਜਨੁ ਤੇਰਾ ਰਾਮ ॥੩॥
ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ ਮਨੁ ਤਨੁ ਰੰਗਿ ਭੀਨਾ ਰਾਮ ॥
ਭਗਤਿ ਵਛਲੁ ਹਰਿ ਨਾਮੁ ਹੈ ਗੁਰਮੁਖਿ ਹਰਿ ਲੀਨਾ ਰਾਮ ॥
ਬਿਨੁ ਹਰਿ ਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮ ॥
ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭਿ ਕੀਨਾ ਰਾਮ ॥੪॥੧॥੩॥

**************

Chhant, Bilaaval, Fourth Mehl, Mangal ~ The Song Of Joy:
One Universal Creator God. By The Grace Of The True Guru:

My Lord God has come to my bed, and my mind is merged with the Lord. As it pleases the Guru, I have found the Lord God, and I revel and delight in His Love. Very fortunate are those happy soul-brides, who have the jewel of the Naam upon their foreheads. The Lord, the Lord God, is Nanak's Husband Lord, pleasing to his mind. ||1|| The Lord is the honor of the dishonored. The Lord, the Lord God is Himself by Himself. The Gurmukh eradicates self-conceit, and constantly chants the Name of the Lord. My Lord God does whatever He pleases; the Lord imbues mortal beings with the color of His Love. Servant Nanak is easily merged into the Celestial Lord. He is satisfied with the sublime essence of the Lord. ||2|| The Lord is found only through this human incarnation. This is the time to contemplate the Lord. As Gurmukhs, the happy soul-brides meet Him, and their love for Him is abundant. Those who have not attained human incarnation, are cursed by evil destiny. O Lord, God, Har, Har, Har, Har, save Nanak; he is Your humble servant. ||3|| The Guru has implanted within me the Name of the Inaccessible Lord God; my mind and body are drenched with the Lord's Love. The Name of the Lord is the Lover of His devotees; the Gurmukhs attain the Lord. Without the Name of the Lord, they cannot even live, like the fish without water. Finding the Lord, my life has become fruitful; O Nanak, the Lord God has fulfilled me. ||4||1||3||

Postal Regd. No. CH/0045/2015-2017 RNI Regd.No. 46788/89 ISSN 0972-2335

